# ਕੈਨੇਡਾ ਦਰਪਣ

ਅਗਸਤ 15-31, 1988

**August 15-31, 1988**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

AUGUST 15-31, 1988 Vol. 07 No. 20 | Out of Greater Vancouver 75¢ | Second Class Mail Reg. No. 5991

ਕੈਨੇਡਾ ਦਰਪਣ

The Canada Darpan The Punjabi Newspaper

Ph. (604) 581-4473
P.O.BOX 265, Surrey, B.C. V3T 4W8

## ਸਾਬਕਾ ਜਥੇਦਾਰ ਜਸਬੀਰ ਸਿੰਘ ਜੇਲ੍ਹ 'ਚੋਂ ਰਿਹਾ

# ਪ੍ਰੋ: ਦਰਸ਼ਨ ਸਿੰਘ ਜਥੇਦਾਰ ਬਣੇ

ਅੰਮ੍ਰਿਤਸਰ — ਅਕਾਲੀ ਸਿਆਸਤ ਵਿਚ ਉਸ ਸਮੇਂ ਧਮਾਕਾ ਹੋਇਆ ਜਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਬਕਾ ਐਕਟਿੰਗ ਜਥੇਦਾਰ ਪ੍ਰੋ: ਦਰਸ਼ਨ ਸਿੰਘ ਰਾਗੀ ਨੂੰ ਮੁੜ ਸ੍ਰੀ ਅਕਾਲ ਤਖਤ ਦਾ ਜਥੇਦਾਰ ਥਾਪ ਦਿੱਤਾ ਤੇ ਉਧਰ ਸਰਕਾਰ ਨੇ ਸਾਬਕਾ ਜਥੇਦਾਰ ਜਸਬੀਰ ਸਿੰਘ ਰੋਡੇ ਨੂੰ ਜੇਲ੍ਹ ਵਿਚੋਂ ਰਿਹਾ ਕਰ ਦਿੱਤਾ। ਇਥੋਂ ਦੇ ਸੂਤਰਾਂ ਦਾ ਕਹਿਣਾ ਹੈ ਕਿ ਅਗਲੇ ਕੁਝ ਦਿਨ ਧਮਾਕਾਖੇਜ਼ ਹਾਲਾਤ ਪੈਦਾ ਕਰਨ ਵਾਲੇ ਹੋਣਗੇ।

ਚੰਡੀਗੜ੍ਹ — ਖਬਰ ਹੈ ਕਿ 15 ਅਗਸਤ, 1988 ਨੂੰ ਅਕਾਲ ਤਖਤ ਦੇ ਸਾਬਕਾ ਜਥੇਦਾਰ ਸ੍ਰੀ ਜਸਵੀਰ ਸਿੰਘ ਰੋਡੇ ਨੂੰ ਭਾਰਤ ਸਰਕਾਰ ਨੇ ਰਿਹਾ ਕਰ ਦਿੱਤਾ ਹੈ। ਸ੍ਰੀ ਰੋਡੇ ਨੂੰ ਕਾਲੀ ਗਰਜ ਉਪਰੇਸ਼ਨ ਸਮੇਂ ਅੰਮ੍ਰਿਤਸਰ ਤੋਂ ਗ੍ਰਿਫਤਾਰ ਕੀਤਾ ਗਿਆ ਸੀ ਜਦੋਂ ਉਹ ਆਪਣੇ ਸਾਥੀਆਂ ਸਮੇਤ ਹਰਿਮੰਦਰ ਸਾਹਿਬ ਦੁਆਲੇ ਪੁਲਸ ਦੀ ਘੇਰਾਬੰਦੀ ਤੋੜ ਕੇ ਅੰਦਰ ਜਾਣਾ ਚਾਹੁੰਦੇ ਸਨ।

ਯਾਦ ਰਹੇ ਸ੍ਰੀ ਰੋਡੇ ਦੀ ਗ੍ਰਿਫਤਾਰੀ ਦੇ ਕਾਰਨ ਵੱਖਵਾਦੀਆਂ ਵਿਚ ਵੱਡੀ ਫੁੱਟ ਪੈ ਗਈ ਹੋਈ ਹੈ। ਇਕ ਧੜਾ ਉਨ੍ਹਾਂ ਨੂੰ ਸਰਕਾਰ ਦਾ ਏਜੰਟ ਕਹਿ ਰਿਹਾ ਹੈ ਦੂਜਾ ਧੜਾ ਹਾਲੇ ਵੀ ਉਨ੍ਹਾਂ ਨਾਲ ਖੜ੍ਹਾ ਹੈ। ਉਨ੍ਹਾਂ ਦੀ ਪਹਿਲੀ ਰਿਹਾਈ ਨੂੰ ਸਰਕਾਰ ਨਾਲ ਮਿਲਕੇ ਰਿਹਾ ਹੋਣਾ ਕਿਹਾ ਜਾਂਦਾ ਹੈ।

ਸ੍ਰੀ ਰੋਡੇ ਦੀ ਹੁਣ ਦੀ ਬਾਰ ਦੀ ਰਿਹਾਈ ਬਾਰੇ ਰਾਜਨੀਤਕ ਦਰਸ਼ਕਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਉਨ੍ਹਾਂ ਨੂੰ ਮੁੜ ਤੋਂ ਆਗੂ ਵਜੋਂ ਸਥਾਪਤ ਕਰਨਾ ਚਾਹੁੰਦੀ ਹੈ ਤਾਂ ਜੋ ਉਨ੍ਹਾਂ ਨਾਲ ਗੱਲਬਾਤ ਕਰਕੇ ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਐਲਾਨ ਕੀਤਾ ਜਾ ਸਕੇ। ਸੰਯੁਕਤ ਅਕਾਲੀ ਦਲ (ਅਮਰਿੰਦਰ ਗਰੁੱਪ) ਅਤੇ ਅਕਾਲੀ ਦਲ (ਲੌਂਗੋਵਾਲ) ਉਨ੍ਹਾਂ ਦੀ ਰਿਹਾਈ ਉਪਰ ਖੁਸ਼ ਦੱਸੇ ਜਾਂਦੇ ਹਨ। ਸ੍ਰੀ ਰੋਡੇ ਦੀ ਰਿਹਾਈ ਕਾਰਨ ਹਾਲਾਤ ਕਿਵੇਂ, ਕਿਧਰ ਨੂੰ ਤੁਰਦੇ ਹਨ ਇਸ ਬਾਰੇ ਤਾਂ ਆਉਣ ਵਾਲੇ ਸਮੇਂ ਵਿਚ ਹੀ ਪਤਾ ਲੱਗੇਗਾ।

ਵੈਨਕੂਵਰ ਵਿਚ ਸ੍ਰੀ ਰੋਡੇ ਦੀ ਰਿਹਾਈ ਦੀ ਬੀ. ਬੀ. ਸੀ. ਉਪਰੋਂ ਖਬਰ ਸੁਣਨ ਸਾਰ ਕੈਨੇਡਾ ਵਿਚ ਉਨ੍ਹਾਂ ਦੇ ਸਮਰਥਕ ਖੁਸ਼ੀਆਂ ਮਨਾ ਰਹੇ ਹਨ। ਉਨ੍ਹਾਂ ਨਾਲ ਸੰਪਰਕ ਪੈਦਾ ਕਰਕੇ ਅਗਵਾਈ ਲੈਣ ਲਈ ਟੈਲੀਫੋਨ ਕੀਤੇ ਗਏ ਹਨ। ਇਹ ਪਰਚਾ ਪ੍ਰੈਸ ਨੂੰ ਜਾਣ ਵੇਲੇ ਤੱਕ ਪਤਾ ਨਹੀਂ ਲੱਗ ਸਕਿਆ ਕਿ ਕੀ ਉਨ੍ਹਾਂ ਨਾਲ ਸੰਪਰਕ ਹੋ ਵੀ ਸਕਿਆ ਹੈ ਜਾਂ ਨਹੀਂ।

ਦੇਸ਼ ਦੀ

ਆਜ਼ਾਦੀ ਲਈ

ਸ਼ਹੀਦ ਹੋਇਆ

ਸੂਰਮਾ

ਸਰਾਭਾ





Ph. 588-5808

9373 - 120 St., (Scott Rd.),
Delta, B. C.



ਏ. ਸੀ. ਜਿਊਲਰਜ਼

# ਯੂ. ਐਨ. ਓ. ਦੇ ਜਨਰਲ ਸਕੱਤਰ ਨੂੰ ਜਵਾਹਰ ਲਾਲ ਨਹਿਰੂ ਐਵਾਰਡ

ਨਵੀਂ ਦਿੱਲੀ — ਭਾਰਤ ਸਰਕਾਰ ਨੇ ਕੌਮਾਂਤਰੀ ਸੂਝਬੂਝ ਲਈ ਭਾਰਤ ਦਾ 1987 ਦਾ ਜਵਾਹਰ ਲਾਲ ਨਹਿਰੂ ਐਵਾਰਡ ਯੂ. ਐਨ. ਓ. ਦੇ ਸਕੱਤਰ ਜਨਰਲ ਸ੍ਰੀ ਪੈਰੇਜ-ਡੀ-ਕੁਆਲਿਅਰ ਨੂੰ ਦੇਣ ਦਾ ਐਲਾਨ ਕੀਤਾ ਹੈ। ਇਸ ਇਨਾਮ ਵਿਚ ਇਕ ਮਾਣ ਪੱਤਰ ਅਤੇ 15 ਲੱਖ ਰੁਪਏ ਦੀ ਰਕਮ ਹੁੰਦੀ ਹੈ।

ਯੂ. ਐਨ. ਓ. ਦੇ ਜ: ਸਕੱਤਰ ਨੂੰ ਇਹ ਐਵਾਰਡ ਉਨ੍ਹਾਂ ਵਲੋਂ ਅਫਗਾਨਸਤਾਨ ਵਿਚ ਅਮਨ ਲਈ ਕੀਤੇ ਜਨੇਵਾ ਸਮਝੌਤੇ ਅਤੇ 8 ਸਾਲਾਂ ਤੋਂ ਚੱਲੀ ਆ ਰਹੀ ਇਰਾਨ-ਇਰਾਕ ਜੰਗ ਦੀ ਜੰਗ ਬੰਦ ਕਰਵਾਉਣ ਲਈ ਦਿੱਤਾ ਗਿਆ ਹੈ।

ਇਹ ਐਵਾਰਡ ਇਸੇ ਸਾਲ ਦੇ ਅੰਤ ਉਪਰ ਸ੍ਰੀ ਡੀ. ਕੁਆਲਿਆਰ ਨੂੰ ਨਵੀਂ ਦਿੱਲੀ ਵਿਚ ਸ੍ਰੀ ਨਹਿਰੂ ਦੇ ਜਨਮ ਦਿਨ ਸਮੇਂ ਦਿੱਤਾ ਜਾਵੇਗਾ।

ਹੁਣ ਤੱਕ ਇਹ ਐਵਾਰਡ ਸ੍ਰੀ ਊ. ਥਾਂਟ, ਮਾਰਟਨ ਲੂਥਰ ਕਿੰਗ, ਮਦਰ ਟਰੇਸਾ, ਸ੍ਰੀ ਕੈਨਥ ਕਾਊਂਡਾ, ਸ੍ਰੀ ਟੀਟੋ, ਯੂਲੀਅਸ, ਨੈਰੇਰੇ, ਸਵੀਡਨ ਦੇ ਸਵ: ਪ੍ਰਧਾਨ ਮੰਤਰੀ ਸ੍ਰੀ ਪਾਲਮੇ, ਸਵ: ਸ੍ਰੀ ਅਬਦੁਲ ਗੁਫਾਰ ਖਾਨ ਅਤੇ ਦੱਖਣੀ ਅਫਰੀਕਾ ਦੇ ਦੇਸ਼ ਭਗਤ ਆਗੂ, ਸ੍ਰੀ ਨੈਲਸਨ ਮੰਡੇਲਾ ਜੋ 26 ਸਾਲਾਂ ਤੋਂ ਜੇਲ੍ਹ ਵਿਚ ਬੰਦ ਹਨ।

ਇਹ ਸਾਲ ਭਾਰਤ ਵਿਚ ਨਹਿਰੂ ਸ਼ਤਾਬਦੀ ਦੇ ਤੌਰ ਉਪਰ ਵੀ ਮਨਾਇਆ ਜਾ ਰਿਹਾ ਹੈ।

# ਆਜ਼ਾਦੀ ਦਿਵਸ ਉਤੇ ਰਾਜੀਵ ਦਾ ਭਾਸ਼ਨ ਬੇਜਾਨ ਤੇ ਫਿੱਕਾ

ਨਵੀਂ ਦਿੱਲੀ — ਖਬਰ ਹੈ ਕਿ 15 ਅਗਸਤ ਦੇ ਸੰਬੰਧ ਵਿਚ ਦਿੱਲੀ ਵਿਚ ਆਜ਼ਾਦੀ ਦੇ ਮੁਖ ਸਮਾਗਮ ਸਮੇਂ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਲਾਲ ਕਿਲੇ ਤੋਂ ਰਵਾਇਤੀ ਭਾਸ਼ਨ ਦਿੱਤਾ। ਹਜ਼ਾਰਾਂ ਦੀ ਗਿਣਤੀ ਵਿਚ ਲੋਕ ਭਾਸ਼ਨ ਸੁਣਨ ਲਈ ਪੁਜੇ ਹੋਏ ਸਨ।

ਪਤਾ ਲੱਗਾ ਹੈ ਕਿ ਲੋਕ ਇਸ ਸਾਲ ਪ੍ਰਧਾਨ ਮੰਤਰੀ ਦੇ ਭਾਸ਼ਨ ਤੋਂ ਬਹੁਤ ਉਮੀਦਾਂ ਲਾਈ ਬੈਠੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਇਹ ਆਜ਼ਾਦੀ ਦਿਨ ਚੋਣਾਂ ਤੋਂ ਪਹਿਲਾਂ ਦਾ ਸਾਲ ਹੈ ਇਸ ਲਈ ਜ਼ਰੂਰ ਕੋਈ ਮਹੱਤਵ ਪੂਰਨ ਐਲਾਨ ਕੀਤਾ ਜਾਵੇਗਾ। ਲੋਕ ਨਿਰਾਸ਼ ਹੀ ਘਰਾਂ ਨੂੰ ਪਰਤੇ।

ਸ੍ਰੀ ਰਾਜੀਵ ਨੇ ਆਪਣੇ ਭਾਸ਼ਨ ਵਿਚ ਪਾਕਿਸਤਾਨ ਦਾ ਬਿਨਾਂ ਨਾਂ ਲਏ ਸਖਤ ਸ਼ਬਦਾਂ ਵਿਚ ਤਾੜਨਾ ਕੀਤਾ ਕਿ ਜੋ ਲੋਕ ਸਿਖ-ਅਤਿਵਾਦੀਆਂ ਦੀ ਸਹਾਇਤਾ ਕਰ ਰਹੇ ਹਨ, ਉਨ੍ਹਾਂ ਨੂੰ ਇਸ ਉਪਰ ਪਛਤਾਉਣਾ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਤਿਵਾਦੀਆਂ ਦਾ ਸਫਾਇਆ ਕਰਨ ਉਪਰੰਤ ਹੀ ਪੰਜਾਬ ਦੇ ਮਸਲੇ ਦਾ ਹੱਲ ਕੀਤਾ ਜਾਵੇਗਾ।

ਪ੍ਰਧਾਨ ਮੰਤਰੀ ਨੇ ਪਿਛਲੇ ਹਫਤੇ ਤਿਰੀਪੁਰਾ ਦੇ ਵੱਖਵਾਦੀਆਂ ਨਾਲ ਸਮਝੌਤਾ ਅਤੇ 20 ਅਗਸਤ ਨੂੰ ਗੋਰਖਾਲੈਂਡੀਆਂ ਨਾਲ ਸਮਝੌਤੇ ਉਤੇ ਦਸਤਖਤ ਹੋਣ ਨੂੰ ਆਪਣੀ ਵੱਡੀ ਸਫਲਤਾ ਵਜੋਂ ਪੇਸ਼ ਕੀਤਾ। ਕਾਫੀ ਦਰਸ਼ਕਾਂ ਦਾ ਵਿਚਾਰ ਸੀ ਕਿ 15 ਅਗਸਤ ਦੇ ਦਿਨ ਪ੍ਰਧਾਨ ਮੰਤਰੀ ਪੰਜਾਬ ਮਸਲੇ ਬਾਰੇ ਇਕ ਤਰਫਾ ਐਲਾਨ ਕਰ ਦੇਣਗੇ। ਪਰ ਹੁਣ ਇਹ ਸੰਦੇਹ ਹੈ ਕਿ ਹੁਣ ਪੰਜਾਬ ਮਸਲੇ ਦੇ ਹੱਲ ਬਾਰੇ ਐਲਾਨ, ਅਕਾਲ ਤਖਤ ਦੇ ਸਾਬਕਾ ਜਥੇਦਾਰ ਸ੍ਰੀ ਜਸਵੀਰ ਸਿੰਘ ਰੋਡੇ ਨਾਲ ਗੱਲਬਾਤ ਕਰਕੇ ਹੀ ਕਰਨਗੇ।

ਪ੍ਰਧਾਨ ਮੰਤਰੀ ਨੇ ਪੰਚਾਇਤਾਂ, ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਨੂੰ ਹੋਰ ਵਧੇਰੇ ਅਧਿਕਾਰ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਇਸ ਨਾਲ ਜਮਹੂਰੀਅਤ ਮਜ਼ਬੂਤ ਹੋਵੇਗੀ।



ਆਪਣੇ ਭਾਸ਼ਨ ਦੇ ਅੰਤ ਉਪਰ ਉਨ੍ਹਾਂ ਆਪ ਪਰਣ ਲਿਆ ਅਤੇ ਲੋਕਾਂ ਨੂੰ ਪਰਣ ਲੈਣ ਲਈ ਕਿਹਾ ਕਿ ਦੇਸ਼ ਵਿਚੋਂ ਗਰੀਬੀ ਦਾ ਅੰਤ ਕਰਕੇ ਹੀ ਦਮ ਲੈਣਗੇ ਪਤਾ ਲੱਗਾ ਹੈ ਕਿ ਗਰੀਬੀ ਦਾ ਅੰਤ ਕਰਨ ਦੇ ਸ਼ਬਦਾਂ ਉਪਰ ਰਾਜੀਵ ਭਗਤਾਂ ਨੇ ਤਾਂ ਤਾੜੀਆਂ ਮਾਰੀਆਂ ਪਰ ਹੋਰ ਹਜ਼ਾਰਾਂ ਨੇ ਇਸ ਨੂੰ ਗੈਰ ਸੰਜੀਦਾ ਸਮਝ ਕੇ ਹਾਸਾ ਹੱਸਿਆ। ਯਾਦ ਰਹੇ ਗਰੀਬੀ ਹਟਾਉਣ ਦਾ ਨਾਅਰਾ ਕਾਂਗਰਸੀ ਹਾਕਮ ਪਿਛਲੇ ਚਾਲੀ ਸਾਲਾਂ ਤੋਂ ਹੀ ਲਾਉਂਦੇ ਆ ਰਹੇ ਹਨ। ਲਾਲ ਕਿਲੇ ਤੋਂ ਭਾਸ਼ਨ ਸੁਣਨ ਪਿਛੋਂ ਘਰਾਂ ਨੂੰ ਜਾਂਦੇ ਲੋਕ ਕਹਿ ਰਹੇ ਸਨ ਕਿ ਤਿੰਨ ਪੀੜ੍ਹੀਆਂ ਰਾਜ ਕਰਕੇ ਹਾਕਮਾਂ ਨੇ ਆਪਣੀਆਂ ਤਜੋਰੀਆਂ ਤਾਂ ਭਰ ਲਈਆਂ ਹਨ ਪਰ ਲੋਕਾਂ ਦੀ ਗਰੀਬੀ ਹੋਰ ਵਧ ਗਈ ਹੈ।

ਖਬਰ ਹੈ ਕਿ ਪ੍ਰਧਾਨ ਮੰਤਰੀ ਦੇ ਭਾਸ਼ਨ ਨੂੰ ਭਾਰਤ ਭਰ ਵਿਚ ਮਾਯੂਸਕੁੰਨ ਅਤੇ ਬੇਜਾਨ ਸਮਝਿਆ ਗਿਆ ਹੈ।

## ਸ੍ਰੀ ਜਤਿੰਦਰ ਸਿੰਘ ਕਰੀਹੇ ਦਾ ਪੀ. ਏ. ਕਤਲ

ਜਲੰਧਰ — ਇਥੋਂ ਥੋੜ੍ਹੀ ਦੂਰ ਨਵਾਂ ਸ਼ਹਿਰ ਵਿਚ ਲੌਂਗੋਵਾਲ ਅਕਾਲੀ ਦਲ ਦੇ ਸਾਬਕਾ ਐਮ. ਐਲ. ਏ. ਸ੍ਰੀ ਜਤਿੰਦਰ ਸਿੰਘ ਕਰੀਹਾ ਦੇ ਪੀ. ਏ. ਸ੍ਰੀ ਦਸੌਂਧੀ ਰਾਮ ਦੀ ਅਤਿਵਾਦੀਆਂ ਨੇ ਨਿਰਦਾਇਤਾ ਪੂਰਬਕ ਹੱਤਿਆ ਕਰ ਦਿੱਤੀ। ਅਤਿਵਾਦੀ ਸ੍ਰੀ ਦਸੌਂਧੀ ਰਾਮ ਦੇ ਘਰ ਵਿਚ ਜਾ ਵੜੇ ਅਤੇ ਉਸ ਉਪਰ ਗੋਲੀਆਂ ਨਾਲ ਹਮਲਾ ਕਰ ਦਿੱਤਾ। ਉਹ ਉਸ ਸਮੇਂ ਹੀ ਦਮ ਤੋੜ ਗਏ। ਅਕਾਲੀ ਦਲ ਦੇ ਆਗੂਆਂ ਨੇ ਇਸ ਘਟਨਾ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ।

## ਸ੍ਰੀ ਕੁਲਵੰਤ ਸਿੰਘ ਸ਼੍ਰੋਮਣੀ ਕਮੇਟੀ ਦੇ ਸਕੱਤਰ ਮੁਕੱਰਰ

ਅੰਮ੍ਰਿਤਸਰ — ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਸ਼ਨਿਚਰਵਾਰ ਆਪਣੀ ਇਕ ਮੀਟਿੰਗ ਵਿਚ ਸ੍ਰੀ ਕੁਲਵੰਤ ਸਿੰਘ ਨੂੰ ਕਮੇਟੀ ਦੇ ਸਹਾਇਕ ਸਕੱਤਰ ਤੋਂ ਕਮੇਟੀ ਦਾ ਸਕੱਤਰ ਬਣਾ ਦਿੱਤਾ ਹੈ। ਇਸ ਤੋਂ ਪਹਿਲੇ ਸਕੱਤਰ ਸ੍ਰੀ ਭਾਨ ਸਿੰਘ ਨੂੰ ਅਤਿਵਾਦੀਆਂ ਨੇ ਲੁਧਿਆਣੇ ਵਿਚ ਗਿੱਲਾਂ ਵਾਲੇ ਕਾਲਜ ਵਿਚ ਸ੍ਰੀ ਸੋਹਣ ਸਿੰਘ ਦੇ ਨਾਲ ਕਤਲ ਕਰ ਦਿੱਤਾ ਸੀ।

## ਗੁਰੂ ਘੰਟਾਲ ਵਿਰਦੀ ਨੱਪਿਆ ਗਿਆ

ਬਰਮਿੰਘਮ — ਅਫੀਮ ਦੀ ਸਮਗਲਿੰਗ 'ਚ ਪੰਜ ਦੇਸੀ ਬੰਦੇ ਇਥੇ ਪਹਿਲਾਂ ਹੀ ਫੜੇ ਜਾ ਚੁਕੇ ਹਨ ਅਤੇ ਦੋ ਮਾਨਚੈਸਟਰ ਫੜ ਲਏ ਗਏ ਸਨ। ਇਹਨਾਂ ਸਭ ਦਾ ਕਥਿਤ ਗੁਰੂ ਘੰਟਾਲ ਜਸਬੀਰ ਸਿੰਘ ਵਿਰਦੀ ਸੀ ਜੋ ਤਿੰਨ ਮਹੀਨੇ ਹੋਏ ਵਲੈਤ ਛੱਡ ਕੇ ਦੇਸ ਦੁਆਬੇ ਜਲੰਧਰ ਜਾ ਵੜਿਆ ਸੀ। ਪਰ ਹੁਣ ਜਲੰਧਰ ਤੋਂ ਉਹਨੂੰ ਹਿੰਦੁਸਤਾਨੀ ਪੁਲਸ ਨੇ ਫੜ ਲਿਆ ਹੈ। ਦੱਸਿਆ ਜਾਂਦਾ ਹੈ ਕਿ ਉਹਨੇ 53 ਕਿਲੋਗਰਾਮ ਅਫੀਮ ਬਰਤਾਨੀਆਂ 'ਚ ਸਮਗਲ ਕੀਤੀ ਸੀ ਜੋ ਕਿ ਹੁਣ ਤੱਕ ਦਾ ਰਿਕਾਰਡ ਹੈ।

## ਨੈਸ਼ਨਲ ਫਰੰਟ ਦਾ ਝੁਕਾਅ ਕਮਿਊਨਿਸਟ ਪਾਰਟੀਆਂ ਵੱਲ

ਚੰਡੀਗੜ੍ਹ — ਅੱਠ ਪਾਰਟੀਆਂ ਦੇ ਮਿਲਾਪ ਨਾਲ ਬਣਨ ਵਾਲੀ ਸਿਆਸੀ ਪਾਰਟੀ ਨੈਸ਼ਨਲ ਫਰੰਟ ਦਾ ਝੁਕਾਅ ਕਮਿਊਨਿਸਟ ਤੇ ਮਾਰਕਸੀ ਪਾਰਟੀ ਜਿਹੀਆਂ ਖੱਬੇ ਪੱਖੀ ਤਾਕਤਾਂ ਵੱਲ ਦਿਖਾਈ ਦੇ ਰਿਹਾ ਹੈ। ਜਾਣਕਾਰ ਹਲਕਿਆਂ ਅਨੁਸਾਰ ਨਵੀਂ ਸਿਆਸੀ ਪਾਰਟੀ ਦੇ ਕਈ ਨੇਤਾਵਾਂ ਦਾ ਖਿਆਲ ਹੈ ਕਿ ਲੋਕ ਸਭਾ ਦੀ ਆਉਣ ਵਾਲੀ ਚੋਣ ਵਿਚ ਭਾਜਪਾ ਜਿਹੀਆਂ ਸਜੇ ਪੱਖੀ ਤਾਕਤਾਂ ਦੀ ਬਜਾਏ ਖੱਬੇ ਪੱਖੀ ਤਾਕਤਾਂ ਨਾਲ ਹੀ ਸਮਝੌਤਾ ਤੇ ਗਠਜੋੜ ਕੀਤਾ ਜਾਵੇ ਤਾਂ ਜੋ ਆਰਥਿਕ ਮੁੱਦਿਆਂ ਨੂੰ ਲੈ ਕੇ ਇਕਾ ਨਾਲ ਦੋ ਦੋ ਹਥ ਕੀਤੇ ਜਾਣ। ਇਹਨਾਂ ਹਲਕਿਆਂ ਦਾ ਕਹਿਣਾ ਹੈ ਕਿ ਹਰਿਆਣਾ ਦੇ ਮੁਖ ਮੰਤਰੀ ਚੌ. ਦੇਵੀ ਲਾਲ ਹਿੰਦੂ ਧਰਮ ਸਿੱਖ ਧਰਮ ਤੇ ਇਸਲਾਮ ਤੋਂ ਉਪਰ ਉਠ ਕੇ ਇੱਕਾ ਨਾਲ ਜੰਗ ਲੜਨ ਦਾ ਪ੍ਰੋਗਰਾਮ ਬਣਾ ਰਹੇ ਹਨ। ਇਸ ਮਾਮਲੇ ਤੇ ਚੌ. ਦੇਵੀ ਲਾਲ ਨੂੰ ਵੀ ਪੀ ਸਿੰਘ ਰਾਮ ਕ੍ਰਿਸ਼ਨ ਹੈਗੜੇ, ਅਜੀਤ ਸਿੰਘ ਤੇ ਬੀਜੂ ਪਟਨਾਇਕ ਜਿਹੇ ਰਸੂਖ ਵਾਲੇ ਸਿਆਸਤ ਦਾਨਾਂ ਦੀ ਹਮਾਇਤ ਪ੍ਰਾਪਤ ਹੈ।

ਇਹਨਾਂ ਵਿਚੋਂ ਕੁਝ ਨੇਤਾ ਤਾਂ ਇਸ ਖਿਆਲ ਦੇ ਵੀ ਹਨ ਕਿ ਉਤਰੀ ਭਾਰਤ ਦੀ ਸਿਆਸਤ ਵਿਚ ਭਾਜਪਾ ਦਾ ਦਬ ਦਬਾਅ ਘੱਟ ਕੀਤਾ ਜਾਵੇ। ਪਤਾ ਲੱਗਾ ਹੈ ਕਿ ਹਾਲ ਹੀ ਵਿਚ ਮਾਰਕਸੀ ਨੇਤਾ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਚੌ. ਦੇਵੀ ਲਾਲ ਨਾਲ ਜੋ ਮੁਲਾਕਾਤ ਹੋਈ ਉਸ ਵਿਚ ਖੱਬੀ ਸਜੀ ਸਿਆਸਤ ਦਾ ਵੇਰਵੇ ਨਾਲ ਪੋਸਟ ਮਾਰਟਮ ਕੀਤਾ ਗਿਆ। ਇਸ ਤੋਂ ਪਹਿਲਾਂ ਵੀ ਪੀ ਸਿੰਘ ਜਿਊਤੀ ਬਾਸੂ ਨੂੰ ਮਿਲ ਚੁਕੇ ਹਨ ਅਤੇ ਦਿੱਲੀ ਵਿਚ ਇੰਦਰਜੀਤ ਗੁਪਤ (ਸੀ. ਪੀ. ਆਈ) ਨਾਲ ਵੀ ਮੁਲਾਕਾਤਾਂ ਹੋ ਚੁਕੀਆਂ ਹਨ।

## ਪਿੰਗਲਵਾੜੇ ਦਾ ਲੂਣ ਖਾ ਕੇ ਲੁਟਣ ਆ ਗਿਆ

ਅੰਮ੍ਰਿਤਸਰ — ਪਿਛਲੇ ਦਿਨੀਂ ਤਿੰਨ ਅਤਿਵਾਦੀਆਂ ਪਿੰਗਲਵਾੜੇ ਨੂੰ ਲੁਟਣ ਦਾ ਅਸਫਲ ਯਤਨ ਕੀਤਾ। ਪਿੰਗਲਵਾੜੇ ਦੇ ਦਫਤਰ ਦੇ ਪ੍ਰਬੰਧਕਾਂ ਨੇ ਬੜੀ ਹੁਸ਼ਿਆਰੀ ਨਾਲ ਇਸ ਧਾਵੇ ਨੂੰ ਅਸਫਲ ਬਣਾ ਦਿੱਤਾ। ਇਸ ਘਟਨਾ ਦੀ ਕਹਾਣੀ ਬੜੀ ਦਿਲਚਸਪ ਹੈ। ਤਿੰਨੇ ਪਿਸਤੌਲਧਾਰੀ ਲੁਟੇਰਿਆਂ ਦਾ ਆਗੂ ਦਵਿੰਦਰ ਸਿੰਘ ਉਰਫ ਨਿੱਕਾ ਸੀ। ਨਿਕਾ ਛੋਟਾ ਹੁੰਦਾ ਪਿੰਗਲਵਾੜੇ ਦੇ ਯਤੀਮਖਾਨੇ ਵਿਚ ਪਲਿਆ। ਉਥੇ ਹੀ ਲੰਗਰ ਵਿਚ ਮੁਲਾਜ਼ਮ ਲਗ ਗਿਆ। ਫਿਰ ਉਹ ਭਿੰਡਰਾਂਵਾਲੇ ਦਾ ਚੇਲਾ ਬਣ ਗਿਆ। ਭਿੰਡਰਾਂਵਾਲੇ ਦੇ ਬਲੂ ਸਟਾਰ ਸਮੇਂ ਮਾਰੇ ਜਾਣ ਪਿਛੋਂ ਉਸ ਨੇ ਆਪਣਾ ਇਕ ਧਾੜਵੀ ਗਰੁੱਪ ਬਣਾ ਲਿਆ। ਉਸ ਨੇ ਕਈ ਕਤਲ ਅਤੇ ਡਾਕੇ ਮਾਰੇ ਹਨ। ਨਿੱਕਾ ਹੁਸ਼ਿਆਰਪੁਰ ਦੇ ਪਿੰਡ ਨੰਗਲਾਂ ਠਿੰਡਲਾਂ ਦਾ ਰਹਿਣ ਵਾਲਾ ਹੈ।

ਦੱਸਿਆ ਗਿਆ ਹੈ ਕਿ ਇਹ ਨਿੱਕੇ ਦਾ ਪਿੰਗਲਵਾੜੇ ਵਿਚ ਤੀਜਾ ਡਾਕਾ ਸੀ। ਪਹਿਲਾਂ ਉਹ ਇਕ ਬਾਰ 8000 ਅਤੇ ਦੂਜੀ ਬਾਰ 700 ਰੁਪਏ ਲੁਟ ਕੇ ਲੈ ਜਾ ਚੁਕਾ ਹੈ।

ਭਗਤ ਪੂਰਨ ਸਿੰਘ ਨੇ ਜ਼ਿਲਾ ਪੁਲਸ ਅਧਿਕਾਰੀਆਂ ਤੋਂ ਹਿਫਾਜ਼ਤ ਮੰਗੀ ਹੈ। ਪਰ ਕਿਸੇ ਨੇ ਕੋਈ ਸੰਜੀਦਗੀ ਨਹੀਂ ਦਿਖਾਈ।


L/R LAKEVIEW REALTY LTD. DELTA 590-3231

7909 Scott Rd., Delta, B.C. V4C 6P6

ਲੇਕਵੀਊ ਰੀਅਲਿਟੀ ਦੇ ਭਰੋਸੇਯੋਗ ਰੀਅਲ ਇਸਟੇਟ

ਕੇ. ਐਸ. (ਕਾਲ) ਬਾਸੀ

ਤੁਹਾਡੀ ਹਰ ਪ੍ਰਕਾਰ ਦੀ ਜਾਇਦਾਦ, ਘਰ ਆਦਿ ਖ੍ਰੀਦਣ ਤੇ ਵੇਚਣ ਵਿਚ ਸਹਾਇਤਾ ਕਰ ਸਕਦੇ ਹਨ

ਫ਼ੋਨ : 590-3231



K.S. (Kal) BASSI)



## ਘਰ ਵਿਕਾਊ ਹੈ

ਸਿੱਧਾ ਮਾਲਕ ਤੋਂ ਖ੍ਰੀਦੋ

ਚਾਰ ਬੈੱਡਰੂਮ ਦਾ ਘਰ ਵਿਕਾਊ ਹੈ ਜੋ ਤੁਸੀਂ ਮਾਲਕ ਤੋਂ ਸਿੱਧਾ ਖ੍ਰੀਦ ਕੇ ਆਪਣੇ ਪੈਸਿਆਂ ਦੀ ਬਚਤ ਕਰ ਸਕਦੇ ਹੋ। ਘਰ ਕਾਰਨਰ ਲਾਟ ਉਤੇ ਹੈ ਅਤੇ ਲਾਟ ਕਾਫੀ ਵੱਡੀ ਹੈ। ਲਾਟ ਵਿਚ ਫਲਾਂ ਦੇ ਦਰਖੱਤ ਵੀ ਹਨ। ਘਰ ਹਸਪਤਾਲ ਦੇ ਨੇੜੇ ਹੈ। ਏਜੰਟ ਮਿਹਰਬਾਨੀ ਰੱਖਣ। ਮਕਾਨ ਵਿਚ ਬੇਸਮਿੰਟ ਪੂਰੀ ਬਣੀ ਹੋਈ ਹੈ।

ਅੱਜ ਹੀ ਫ਼ੋਨ ਕਰੋ :

594-7559

ਕੀਮਤ : $92500

# ਕੇਂਦਰ ਦਾ ਤਖਤਾ ਉਲਟਾਉਣ ਲਈ ਲੌਂਗੋਵਾਲ ਕਾਨਫਰੰਸ ਅਹਿਮ ਫੈਸਲੇ ਕਰੇਗੀ — ਸੰਤ ਦਲ

ਚੰਡੀਗੜ੍ਹ — ਦਹਿਸ਼ਤਗਰਦਾਂ ਹਥੋਂ ਸ਼ਹੀਦ ਹੋਏ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਤੀਜੀ ਬਰਸੀ ਸੈਕੂਲਰ ਅਪੋਜ਼ੀਸ਼ਨ ਪਾਰਟੀਆਂ ਦੇ ਸ਼ਕਤੀਸ਼ਾਲੀ ਇਤਹਾਦ ਦੇ ਤੌਰ ਤੇ ਮਨਾਈ ਜਾ ਰਹੀ ਹੈ। 20 ਅਗਸਤ ਦਾ ਲੌਂਗੋਵਾਲ ਪਿੰਡ ਵਿਚ ਹੋਣ ਵਾਲਾ ਇਹ ਇਕੱਠ ਦੇਸ਼ ਵਿਆਪੀ ਪੱਧਰ ਦੇ ਸੰਮੇਲਨ ਦਾ ਰੂਪ ਧਾਰ ਜਾਏਗਾ ਜਦੋਂ ਕਿ ਇਸ ਵਿਚ ਅਪੋਜ਼ੀਸ਼ਨ ਨੇਤਾ ਵੀ. ਪੀ. ਸਿੰਘ, ਮਿ. ਹੈਗੜੇ, ਮਿ. ਜਿਉਤੀ ਬਾਸੂ, ਸੀ. ਪੀ. ਆਈ. ਤੇ ਸੀ ਪੀ ਐਮ ਨੇਤਾ ਰਾਮਾ ਰਾਓ ਅਤੇ ਹੋਰ ਸਿਰ ਕੱਢ ਨੇਤਾ ਲੀਡਰ ਪੁਜਣਗੇ। ਇਸ ਗੱਲ ਦਾ ਪ੍ਰਗਟਾਵਾ ਅਕਾਲੀਆਂ ਦੀ ਪਟਿਆਲਾ ਕਾਨਫਰੰਸ ਵਿਚ ਸੁਰਜੀਤ ਸਿੰਘ ਬਰਨਾਲਾ ਨੇ ਕੀਤਾ।

ਉਹਨਾਂ ਦੱਸਿਆ ਕਿ ਸ਼ਹੀਦੀ ਕਾਨਫਰੰਸ ਵਿਚ ਦੋ ਹੀ ਮੁਖ ਮੁੱਦੇ ਹੋਣਗੇ। ਅਕਾਲੀ ਏਕਤਾ ਅਤੇ ਅਪੋਜ਼ੀਸ਼ਨ ਏਕਤਾ ਬਰਨਾਲਾ ਨੇ ਕਿਹਾ ਕਿ ਅਪੋਜ਼ੀਸ਼ਨ ਏਕਤਾ ਦੀ ਜਿਸ ਏਕਤਾ ਦਾ ਨੀਂਹ ਪੱਥਰ ਹੈਦਰਾਬਾਦ ਵਿਚ ਰਖਿਆ ਗਿਆ ਹੈ ਉਸਦੇ ਭਵਨ ਨਿਰਮਾਣ ਲੌਂਗੋਵਾਲ ਤੋਂ ਹੋਵੇਗਾ। ਇਸ ਸਮੇਂ ਅਕਾਲੀ ਏਕਤਾ ਪੰਜਾਬੀਆਂ ਤੇ ਦੇਸ਼ ਦੀਆਂ ਰਾਜਸੀ ਪਾਰਟੀਆਂ ਦੀ ਏਕਤਾ ਲਈ ਜ਼ਰੂਰੀ ਮੁਦਾ ਹੈ ਪਰ ਏਕਤਾ ਸਿਧਾਂਤਾਂ ਦੀ ਏਕਤਾ ਹੋਣੀ ਚਾਹੀਦੀ ਹੈ। ਜਿਸ ਲਈ ਸੰਤ ਦਲ ਸ਼ੁਰੂ ਤੋਂ ਹੀ ਯਤਨਸ਼ੀਲ ਰਿਹਾ ਹੈ। ਇਸ ਏਕਤਾ ਖਾਤਰ ਹੀ ਉਹਨਾਂ ਨੇ ਅਕਾਲ ਤਖਤ ਉਤੇ ਜਾ ਕੇ ਪੇਸ਼ ਹੋਣਾ ਜ਼ਰੂਰੀ ਸਮਝਿਆ। ਜਦੋਂ ਤਕ ਅਕਾਲੀਆਂ ਦੀ ਏਕਤਾ ਨਹੀਂ ਹੁੰਦੀ ਪੰਜਾਬ ਦੇ ਹਾਲਾਤ ਠੀਕ ਨਹੀਂ ਹੋਣਗੇ। ਉਹਨਾਂ ਕਿਹਾ ਕਿ ਹੁਣ ਤਾਂ ਪੰਜਾਬ ਮਸਲਾ ਕੇਂਦਰ ਵਿਚ ਵਿਰੋਧੀ ਸਰਕਾਰ ਬਨਣ ਉਤੇ ਹੀ ਹਲ ਹੋਵੇਗਾ।



**ਤਖਤਾ ਪਲਟਣ ਲਈ**

ਸਾਬਕ ਖਜ਼ਾਨਾ ਮੰਤਰੀ ਬਲਵੰਤ ਸਿੰਘ ਨੇ ਕਿਹਾ ਕਿ ਲੌਂਗੋਵਾਲ ਸ਼ਹੀਦੀ ਕਾਨਫਰੰਸ ਵਿਚ ਕੇਂਦਰ ਸਰਕਾਰ ਦਾ ਤਖਤਾ ਉਲਟਣ ਲਈ ਅਹਿਮ ਫੈਸਲੇ ਕੀਤੇ ਜਾਣਗੇ। ਕਾਨਫਰੰਸ ਵਿਚ ਪੰਜ ਲੱਖ ਰੁਪਏ ਦੇ ਇਕੱਠੇ ਹੋਣ ਦੀ ਆਸ ਹੈ।

# ਜੋਧਪੁਰ ਦੇ ਨਜ਼ਰਬੰਦਾਂ ਦੀ ਰਿਹਾਈ ਇਸੇ ਮਹੀਨੇ ਸੰਭਵ

ਨਵੀਂ ਦਿੱਲੀ — ਗੁਪਤ ਸੂਤਰਾਂ ਅਨੁਸਾਰ ਪੰਜਾਬ ਵਿਚ ਹਾਲਾਤ ਨੂੰ ਨਾਰਮਲ ਪੱਧਰ ਉਤੇ ਲਿਆਉਣ ਲਈ ਕੇਂਦਰ ਇਸ ਮਹੀਨੇ ਵਿਚ ਜੋਧਪੁਰ ਦੇ ਨਜ਼ਰਬੰਦਾਂ ਵਿਚੋਂ ਬਹੁਤਿਆਂ ਨੂੰ ਕਿਸੇ ਵੀ ਸਮੇਂ ਰਿਹਾਅ ਕਰ ਸਕਦਾ ਹੈ। ਇਸ ਤੋਂ ਇਲਾਵਾ ਦੂਸਰੇ ਕਦਮ ਵਜੋਂ ਪੰਜਾਬ ਦੇ ਵਿਕਾਸ ਲਈ ਵੱਡੀਆਂ ਰਿਆਇਤਾਂ ਦਾ ਐਲਾਨ ਵੀ ਸੰਭਵ ਹੈ। ਇਹਨਾਂ ਫੈਸਲਿਆਂ ਦਾ ਐਲਾਨ ਹੋ ਸਕਦਾ ਹੈ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਪੰਜਾਬ ਆਕੇ ਕਰਨ। ਕਿਉਂਕਿ ਪੰਜਾਬ ਦੇ ਕਾਂਗਰਸੀ ਖਾਸ ਕਰਕੇ ਦਰਬਾਰਾ ਸਿੰਘ ਗਰੁੱਪ ਇਸ ਲਈ ਯਤਨਸ਼ੀਲ ਹੈ ਕਿ ਪ੍ਰਧਾਨ ਮੰਤਰੀ ਖੁਦ ਪੰਜਾਬ ਦਾ ਦੌਰਾ ਕਰਨ ਤੇ ਸਿਖ ਜਨਤਾ ਨੂੰ ਭਰੋਸੇ ਵਿਚ ਲੈਣ

ਜੋਧਪੁਰ ਜੇਲ੍ਹ ਵਿਚ ਕੁਲ 376 ਨਜ਼ਰਬੰਦ ਸਨ ਜਿਨ੍ਹਾਂ ਵਿਚੋਂ 40 ਭਾਈ ਜਸਬੀਰ ਸਿੰਘ ਨਾਲ ਰਿਹਾਅ ਕਰ ਦਿੱਤੇ ਗਏ ਸਨ। ਚੰਡੀਗੜ੍ਹ ਪੰਜਾਬ ਨੂੰ ਦੇਣ ਦਾ ਐਲਾਨ ਵੀ ਕਿਸੇ ਸਮੇਂ ਸੰਭਵ ਹੋ ਸਕਦਾ ਹੈ ਪਰ ਇਸ ਐਲਾਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੂੰ ਹਰਿਆਣੇ ਦੇ ਮੁਖ ਮੰਤਰੀ ਚੋਧਰੀ ਦੇਵੀ ਲਾਲ ਨੂੰ ਭਰੋਸੇ ਵਿਚ ਲੈਣਾ ਪਵੇਗਾ।

# ਭਾਰਤੀਆਂ ਨੂੰ ਯੂ. ਕੇ. ਸਮਗਲ ਕਰਨ ਦੇ ਦੋਸ਼ੀਆਂ ਨੂੰ ਸਜ਼ਾਵਾਂ

ਲੰਡਨ — ਪਿਛਲੇ ਸਾਲ ਨਵੰਬਰ ਵਿਚ ਜਰਮਨੀ ਤੋਂ 15 ਭਾਰਤੀਆਂ ਨੂੰ ਇਕ ਵੈਨ ਦੇ ਗੁਪਤ ਤਹਿਖਾਨੇ ਵਿਚ ਛੁਪਾ ਕੇ ਬਰਤਾਨੀਆਂ ਵਿਚ ਦਾਖਲ ਹੋਣ ਦੇ ਯਤਨ ਕਰ ਰਹੀ ਜਿਸ ਵੈਨ ਉਤੇ ਪੁਲਸ ਨੇ ਕਬਜ਼ਾ ਕੀਤਾ ਸੀ, ਉਸਦੇ ਦੋ ਜਰਮਨ ਮਾਲਕਾਂ ਨੂੰ ਅਦਾਲਤ ਨੇ 30 ਮਹੀਨੇ ਅਤੇ 24 ਮਹੀਨੇ ਕੈਦ ਦੀ ਸਜ਼ਾ ਦਿੱਤੀ ਹੈ। ਵੈਨ ਦੇ ਤਹਿਖਾਨੇ ਵਿਚ ਤੂੰਨੇ ਗਏ 15 ਏਸ਼ੀਅਨਾਂ ਜਿਹਨਾਂ ਵਿਚ ਭਾਰਤੀ ਵੀ ਸਨ ਨੂੰ ਡੀਪੋਰਟ ਕਰ ਦਿੱਤਾ ਗਿਆ ਹੈ। ਪੁਲਸ ਅਨੁਸਾਰ ਬਰਤਾਨੀਆ ਵਿਚ ਦਾਖਲ ਹੋਣ ਦਾ ਯਤਨ ਕਰਨ ਵਾਲੇ ਲੋਕ ਮਰ ਵੀ ਸਕਦੇ ਹਨ।

# ਯੂ. ਕੇ. ਤੋਂ ਪੰਜਾਬ ਦੇ ਅਤਿਵਾਦ ਨੂੰ ਮਾਲੀ ਮੱਦਦ ਬੰਦ ਹੋਣ ਲੱਗੀ

ਭੁਪਾਲ — ਬ੍ਰਿਟੇਨ ਦੇ ਭਾਰਤ ਸਥਿਤ ਹਾਈ ਕਮਿਸ਼ਨਰ ਸਰ ਡੇਵਿਡ ਗੁਡਆਲ ਨੇ ਕਿਹਾ ਕਿ ਉਹਨਾਂ ਦੇ ਦੇਸ਼ ਇੰਗਲੈਂਡ ਤੋਂ ਪੰਜਾਬ ਦੇ ਅਤਿਵਾਦੀਆਂ ਨੂੰ ਪੈਸਾ ਭੇਜਣ ਤੇ ਸਖਤ ਰੋਕ ਲਾਉਣ ਬਾਰੇ ਵਿਚਾਰ ਕਰ ਰਿਹਾ ਹੈ। ਪੱਤਰਕਾਰਾਂ ਨਾਲ ਚਰਚਾ ਕਰਦੇ ਹੋਏ ਉਹਨਾਂ ਕਿਹਾ ਕਿ ਉਹ ਬ੍ਰਿਟੇਨ ਸੰਬੰਧਾਂ ਵਿਚ ਅੜਿਕਾ ਹਨ। ਦੋ ਧਿਰੀ ਸੰਬੰਧਾਂ ਨੂੰ ਸੁਧਾਰਨ ਲਈ ਨਿਗਰਾਨੀ ਰੱਖਣਾ ਜ਼ਰੂਰੀ ਹੈ। ਉਹਨਾਂ ਕਿਹਾ ਕਿ ਬ੍ਰਿਟੇਨ ਆਪਣੇ ਇਥੋਂ ਦੀ ਆਇਰਸ਼ ਸਮੱਸਿਆ ਵਰਗੀ ਹੀ ਭਾਰਤ ਦੀ ਪੰਜਾਬ ਸਮੱਸਿਆ ਦੀ ਗੰਭੀਰਤਾ ਨੂੰ ਸਮਝਦਾ ਹੈ। ਬ੍ਰਿਟੇਨ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਮਾਰਗਰੇਟ ਥੈਚਰ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੋਹਾਂ ਨੂੰ ਹੀ ਅਤਿਵਾਦੀਆਂ ਦੇ ਖਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹੀ ਕਾਰਨ ਹੈ ਕਿ ਬ੍ਰਿਟੇਨ ਪੰਜਾਬ ਸਮੱਸਿਆ ਨੂੰ ਚੰਗੀ ਤਰ੍ਹਾਂ ਸਮਝਦਾ ਹੈ।

ਹਾਈ ਕਮਿਸ਼ਨਰ ਨੇ ਕਿਹਾ ਕਿ ਬ੍ਰਿਟੇਨ ਬੀਤੇ ਪੰਜ ਵਰ੍ਹਿਆਂ ਤੋਂ ਪੰਜਾਬ ਮਸਲੇ ਨੂੰ ਗੰਭੀਰਤਾ ਨਾਲ ਲੈਣ ਲੱਗਾ ਹੈ। ਉਥੇ ਪੰਜਾਬ ਦੇ ਅਤਿਵਾਦੀਆਂ ਨਾਲ ਸੰਪਰਕ ਰਖਣ ਦੇ ਅੱਠ ਪ੍ਰਮੁਖ ਮਾਮਲਿਆਂ ਵਿਚ ਸਜ਼ਾਵਾਂ ਵੀ ਦਿੱਤੀਆਂ ਜਾ ਚੁਕੀਆਂ ਹਨ। ਹੁਣ ਤਾਂ ਇਸ ਤਰ੍ਹਾਂ ਦੇ ਸੌ ਫੀਸਦੀ ਲੋਕਾਂ ਤੇ ਮੁਕਦਮੇ ਚਲਾਏ ਜਾ ਰਹੇ ਹਨ। ਇਕ ਸੁਆਲ ਦੇ ਉਤਰ ਵਿਚ ਉਹਨਾਂ ਆਖਿਆ ਕਿ ਖਾਲਿਸਤਾਨ ਦੀ ਮੰਗ ਕਰਨ ਵਾਲੇ ਡਾ. ਜਗਜੀਤ ਸਿੰਘ ਚੌਹਾਨ ਵਰਗੇ ਲੋਕਾਂ ਦੇ ਕਾਰਨ ਬ੍ਰਿਟੇਨ ਦੀ ਸਰਕਾਰ ਪਰੇਸ਼ਾਨ ਜ਼ਰੂਰ ਹੈ ਪਰ ਉਹਨਾਂ ਤੇ ਅਜੇ ਕੋਈ ਰੋਕ ਲਾਉਣਾ ਸੰਭਵ ਨਹੀਂ ਹੈ। ਇਸ ਦਾ ਕਾਰਨ ਉਹਨਾਂ ਇਹ ਵੀ ਦੱਸਿਆ ਕਿ ਬ੍ਰਿਟੇਨ ਦਾ ਕਾਨੂੰਨ ਵੱਖਵਾਦ ਨੂੰ ਉਦੋਂ ਤੱਕ ਨਜਾਇਜ਼ ਨਹੀਂ ਮੰਨਦਾ ਜਦੋਂ ਤੱਕ ਕਿ ਡਾ. ਜਗਜੀਤ ਸਿੰਘ ਚੌਹਾਨ ਵਰਗੇ ਅਨਸਰ ਹਿੰਸਕ ਨਾ ਹੋ ਜਾਣ ਜਾਂ ਹਿੰਸਾ ਲਈ ਨਾ ਉਕਸਾਉਣ। ਅਜੇ ਤੱਕ ਇਸ ਕਾਨੂੰਨ ਵਿਚ ਕੋਈ ਸੋਧ ਨਹੀਂ ਹੋ ਸਕਦੀ ਪਰ ਛੇਤੀ ਹੀ ਇਸ ਦਿਸ਼ਾ ਵਿਚ ਕਦਮ ਚੁਕੇ ਜਾਣਗੇ।

# ਦਿੱਲੀ ਦੇ ਉਪ ਰਾਜਪਾਲ ਮੁਸਤਫੀ

ਨਵੀਂ ਦਿੱਲੀ — ਦਿੱਲੀ ਦੇ ਲੈਫਟੀਨੈਂਟ ਗਵਰਨਰ ਸ੍ਰੀ ਐਚ. ਐਲ. ਕਪੂਰ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਨੇ ਦਿੱਲੀ ਪ੍ਰਸ਼ਾਸਨ ਵਲੋਂ ਹੈਜ਼ਾ ਫੈਲਣ ਨੂੰ ਰੋਕਣ ਵਿਚ ਨਾਕਾਮ ਰਹਿਣ ਦੀ ਇਖਲਾਕੀ ਜ਼ਿਮੇਵਾਰੀ ਆਪਣੇ ਸਿਰ ਲੈਂਦਿਆਂ ਹੀ ਇਹ ਅਸਤੀਫਾ ਦਿੱਤਾ ਹੈ।

ਇਹ ਵਰਨਣਯੋਗ ਹੈ ਕਿ ਦਿੱਲੀ ਵਿਚ ਫੈਲੇ ਹੈਜ਼ੇ ਅਤੇ ਆਂਤੜੀਆਂ ਦੀ ਬੀਮਾਰੀ ਨਾਲ ਕੋਈ 160 ਵਿਅਕਤੀਆਂ ਦੀਆਂ ਜਾਨਾਂ ਜਾਂਦੀਆਂ ਰਹੀਆਂ ਹਨ ਅਤੇ ਦਸ ਹਜ਼ਾਰ ਤੋਂ ਵਧੇਰੇ ਹੋਰਨਾਂ ਨੂੰ ਹਸਪਤਾਲਾਂ ਵਿਚ ਦਾਖਲ ਹੋਣਾ ਪਿਆ ਹੈ

ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਵੀ ਬੀਤੇ ਦਿਨ ਹੈਜ਼ਾ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਸੀ ਅਤੇ ਅਧਿਕਾਰੀਆਂ ਵਲੋਂ ਸਥਿਤੀ ਨਾਲ ਨਿਪਟਣ ਵਿਚ ਨਾਕਾਮ ਰਹਿਣ ਉਤੇ ਕਾਫੀ ਗੁੱਸੇ ਦਾ ਪ੍ਰਗਟਾਵਾ ਕੀਤਾ ਸੀ। ਗ੍ਰਹਿ ਮੰਤਰਾਲੇ ਦੇ ਇਕ ਬੁਲਾਰੇ ਅਨੁਸਾਰ ਅਸਤੀਫੇ ਪਿਛੋਂ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਇਕ ਮੀਟਿੰਗ ਹੋਈ। ਜਿਸ ਵਿਚ ਹੈਜ਼ਾ ਫੈਲਣ ਦੇ ਸਵਾਲ ਦਾ ਜਾਇਜ਼ਾ ਲਿਆ ਗਿਆ। ਮੀਟਿੰਗ ਨੇ ਮਹਿਸੂਸ ਕੀਤਾ ਕਿ ਰਾਜਧਾਨੀ ਵਿਚੋਂ ਕੂੜਾ ਕਰਕਟ ਚੁੱਕਣ ਅਤੇ ਸਫਾਈ ਦੇ ਹੋਰ ਕੰਮਾਂ ਦੇ ਟੀਚੇ ਪੂਰੇ ਨਹੀਂ ਕੀਤੇ ਗਏ। ਦਿੱਲੀ ਦੇ ਪ੍ਰਸ਼ਾਸਨ ਦੇ ਚੀਫ ਸੈਕਟਰੀ ਡੀ ਡੀ ਏ ਦੇ ਉਪ ਚੇਅਰਮੈਨ ਅਤੇ ਦਿੱਲੀ ਨਗਰ ਨਿਗਮ ਦੇ ਕਮਿਸ਼ਨਰ ਦਾ ਤਬਾਦਲਾ ਵੀ ਕਰ ਦਿੱਤਾ ਗਿਆ ਹੈ।

# ਇਕ ਸੂਚਨਾ

'ਕੈਨੇਡਾ ਦਰਪਣ' ਦੇ ਸੰਪਾਦਕ ਸ੍ਰੀ ਦਰਸ਼ਨ ਗਿੱਲ ਆਪਣੇ ਨਿੱਜੀ ਤੇ ਪਬਲਿਕ ਰੁਝੇਵਿਆਂ ਕਾਰਨ 'ਕੈਨੇਡਾ ਦਰਪਣ' ਦਾ ਸਾਥ ਦੇਣ ਤੋਂ ਅਸਮਰਥ ਹਨ। ਇਸ ਲਈ ਅਗੇ ਤੋਂ ਇਹ ਜ਼ਿਮੇਂਵਾਰੀ ਸੰਪਾਦਕੀ ਮੰਡਲ ਨੂੰ ਸੌਂਪੀ ਗਈ ਹੈ। ਅਦਾਰਾ "ਕੈਨੇਡਾ ਦਰਪਣ" ਸ੍ਰੀ ਗਿੱਲ ਦਾ ਧੰਨਵਾਦੀ ਹੈ ਜਿਨ੍ਹਾਂ ਬਿਨਾਂ ਮੁਆਵਜ਼ਾ ਲਏ 1982 ਤੋਂ "ਕੈਨੇਡਾ ਦਰਪਣ" ਦਾ ਸਾਥ ਦਿੱਤਾ ਹੈ।

— ਸੰਪਾਦਕੀ ਮੰਡਲ


## ਜਾਇਦਾਦ ਖ੍ਰੀਦਣੀ ਜਾਂ ਵੇਚਣੀ ਚਾਹੁੰਦੇ ਹੋ ?



ਭੂਪਿੰਦਰ ਸਿੰਘ ਸੋਢੀ

ਫਾਰਮ, ਘਰ, ਲਾਟ ਜਾਂ ਕਮਰਸ਼ੀਅਲ ਜਾਇਦਾਦ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ ਸਾਨੂੰ ਜ਼ਰੂਰ ਮਿਲੋ। ਅਸੀਂ ਤੁਹਾਨੂੰ ਅੱਛੀ ਡੀਲ ਦਿਵਾਉਣ ਵਿਚ ਮਦਦ ਕਰਾਂਗੇ

**ਭੂਪਿੰਦਰ ਸਿੰਘ ਸੋਢੀ**

**PH. Bus. 437-9431**

**Res. 434-8987**

**UNITED REALTY**

2443 Kingsway, Vancouver, B.C. V5R 5G8



## BERNARD SIMPSON & COMPANY

NO CHARGE *for initial consultation*

Translation services available

• HANDLING CAR ACCIDENTS FOR OVER 15 YEARS

• CONTINGENCY FEES AVAILABLE (IF NO RECOVERY NO LEGAL FEE)

PRACTICE **RESTRICTED** TO INJURIES SUFFERED DUE TO **CAR ACCIDENTS (ICBC CLAIMS)**

● ਵੈਨਕੂਵਰ ਵਿਚ ਸਾਡੀ ਹੀ ਇਕ ਅਜਿਹੀ ਕਾਨੂੰਨੀ ਫਰਮ ਹੈ, ਜਿਹੜੀ ਕਿ ਸਿਰਫ ਕਾਰ ਐਕਸੀਡੈਂਟ ਦੇ ਕੇਸ ਹੀ ਹੈਂਡਲ ਕਰਦੀ ਹੈ

● ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ. ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

**PHONE (604) 734-2272**

**999 WEST BROADWAY, VANCOUVER, B.C.**

*(SITUATED IN THE AUTOMOBILE ASSOCIATION BUILDING)*

# ਰਾਜੀਵ ਵਿਰੁੱਧ ਕਾਂਗਰਸ 'ਚ ਬਗਾਵਤ ਦੀ ਸ਼ੁਰੂਆਤ



ਸ੍ਰੀ ਰਜੀਵ ਗਾਂਧੀ: ''ਲੜਾਈ ਜਾਰੀ ਹੈ''

ਨਵੀਂ ਦਿੱਲੀ — ਇਹ ਖਬਰਾਂ ਤੇ ਅਫਵਾਹਾਂ ਰਾਜਧਾਨੀ ਨੂੰ ਆਪਣੀ ਲਪੇਟ ਵਿਚ ਲੈ ਰਹੀਆਂ ਹਨ ਕਿ ਕਾਂਗਰਸ (ਇ) ਅੰਦਰ ਰਾਜੀਵ ਗਾਂਧੀ ਦੀ ਲੀਡਰਸ਼ਿਪ ਵਿਰੁਧ ਬਗਾਵਤ ਦੀ ਸ਼ੁਰੂਆਤ ਹੋ ਗਈ ਹੈ। ਰਾਜਸੀ ਸੂਤਰਾਂ ਦਾ ਇਹ ਕਹਿਣਾ ਲੋਕਾਂ ਦੀ ਜ਼ੁਬਾਨ ਉਤੇ ਵੀ ਆ ਗਿਆ ਹੈ ਕਿ ਇਸ ਸਮੇਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਖਤਰਾ ਵਿਰੋਧੀ ਪਾਰਟੀਆਂ ਦੀ ਏਕਤਾ ਤੋਂ ਨਹੀਂ ਸਗੋਂ ਕਾਂਗਰਸੀਆਂ ਦੀ ਅੰਦਰਲੀ ਬਗਾਵਤ ਤੋਂ ਹੈ। ਖਾਸ ਕਰਕੇ ਪਾਰਲੀਮੈਂਟ ਮੈਂਬਰਾਂ ਦੇ ਰੋਸ ਤੋਂ ਹੈ।

ਕਾਂਗਰਸੀਆਂ ਨੂੰ ਸਭ ਤੋਂ ਵੱਡਾ ਦੁੱਖ ਇਹ ਵੀ ਹੈ ਕਿ ਕੌਮੀ ਪੱਧਰ ਦੇ ਫੈਸਲੇ ਪਾਰਟੀ ਨੇਤਾਵਾਂ ਦੀ ਸਲਾਹ ਨਾਲ ਨਹੀਂ ਸਗੋਂ ਪ੍ਰਧਾਨ ਮੰਤਰੀ ਦੀ ਕੋਠੀ ਵਿਚ ਹੁੰਦੇ ਹਨ। ਇਕ ਧੜਾ ਉਹਨਾਂ ਕਾਂਗਰਸੀਆਂ ਦਾ ਵੀ ਹੈ ਜੋ ਕੇਵਲ ਉਸ ਸਮੇਂ ਤੱਕ ਹੀ ਪ੍ਰਧਾਨ ਮੰਤਰੀ ਨਾਲ ਹਨ ਜਿੰਨਾ ਚਿਰ ਉਹ ਅਹੁਦਿਆਂ ਉਤੇ ਬੈਠੇ ਹਨ ਜਾਂ ਜਿੰਨਾ ਚਿਰ ਤੱਕ ਉਹਨਾਂ ਦਾ ਹਲਵਾ ਮੰਡਾ ਚਲਦਾ ਹੈ। ਜਦੋਂ ਇਹ ਬੰਦ ਹੋ ਗਿਆ ਉਸੇ ਸਮੇਂ ਉਹ ਸਾਥ ਛੱਡ ਜਾਣਗੇ। ਇਸ ਹਾਲਤ ਵਿਚ ਉਹ ਵਧੇਰੇ ਖਤਰਨਾਕ ਸਾਬਤ ਹੋਣਗੇ ਕਿਉਂਕਿ ਉਹਨਾਂ ਦੀ ਕੁਰਪਸ਼ਨ ਦੀਆਂ ਤੰਦਾਂ ਹੇਠਲੀ ਪੱਧਰ ਦੇ ਕਾਂਗਰਸੀਆਂ ਤੱਕ ਡੂੰਘੀਆਂ ਹਨ। ਸੰਜੀਦਾ ਤੇ ਸੀਨੀਅਰ ਕਾਂਗਰਸੀ ਵੀ ਪ੍ਰਧਾਨ ਮੰਤਰੀ ਦੇ ਕੰਮ ਕਰਨ ਦੇ ਢੰਗ ਤੋਂ ਨਰਾਜ਼ ਹਨ। ਲੋਕਾਂ ਦੀ ਪੱਧਰ ਉਤੇ ਕਾਂਗਰਸ ਦਾ ਪਹੁੰਚਣਾ ਕਠਨ ਹੋ ਗਿਆ ਹੈ। ਜਿਸ ਕਾਰਨ ਕਾਂਗਰਸ ਦੀਆਂ ਜੜਾਂ ਹਿਲ ਚੁੱਕੀਆਂ ਹਨ।

# ਪਾਕਿਸਤਾਨ ਦਹਿਸ਼ਤਗਰਦਾਂ ਰਾਹੀਂ ਰਾਜੀਵ ਤੇ ਬੂਟਾ ਸਿੰਘ ਨੂੰ ਕਤਲ ਕਰਵਾਉਣਾ ਚਾਹੁੰਦਾ ਹੈ

ਨਵੀਂ ਦਿੱਲੀ — ਭਾਰਤੀ ਪਾਰਲੀਮੈਂਟ ਵਿਚ ਸਰਕਾਰ ਨੇ ਇਹ ਭੇਤ ਦਸ ਕੇ ਸਾਰੇ ਦੇਸ਼ ਨੂੰ ਖਬਰਦਾਰ ਕੀਤਾ ਕਿ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਗ੍ਰਹਿ ਮੰਤਰੀ ਬੂਟਾ ਸਿੰਘ ਨੂੰ ਕਤਲ ਕਰਨ ਦੀ ਕੌਮਾਂਤਰੀ ਸਾਜ਼ਿਸ਼ ਫੜੀ ਗਈ ਹੈ, ਜਿਸ ਪਿਛੇ ਪਾਕਿਸਤਾਨ ਦਾ ਹੱਥ ਹੋ ਸਕਦਾ ਹੈ, ਕਿਉਂਕਿ ਪਾਕਿਸਤਾਨ ਵਲੋਂ ਪੰਜਾਬ ਦੇ ਦਹਿਸ਼ਤਗਰਦਾਂ ਨੂੰ ਦਿੱਤੀ ਜਾ ਰਹੀ ਹਰ ਤਰ੍ਹਾਂ ਦੀ ਸਹਾਇਤਾ ਦੇ ਹੋਰ ਪੱਕੇ ਸਬੂਤ ਸਰਕਾਰ ਦੇ ਹੱਥ ਲੱਗੇ ਹਨ। ਇਸ ਭੇਤ ਦਾ ਪ੍ਰਗਟਾਵਾ ਉਹਨਾਂ ਕਾਗਜ਼ਾਂ ਪੱਤਰਾਂ ਤੋਂ ਹੋਇਆ ਜਿਹੜੇ ਮਈ ਮਹੀਨੇ ਵਿਚ ਬਲੈਕ ਥੰਡਰ ਅਪਰੇਸ਼ਨ ਦੌਰਾਨ ਦਰਬਾਰ ਸਾਹਿਬ ਅੰਦਰ ਖਾਲਿਸਤਾਨੀ ਦਫਤਰ ਵਿਚੋਂ ਬਰਾਮਦ ਕੀਤੇ ਗਏ ਸਨ ਅਤੇ ਜਿਹੜੇ ਲੋਕ ਸਭਾ ਤੇ ਰਾਜ ਸਭਾ ਵਿਚ ਪੇਸ਼ ਕਰ ਦਿੱਤੇ ਗਏ ਹਨ।

ਇਸ ਇੰਕਸ਼ਾਫ ਨੂੰ ਦੁਨੀਆਂ ਭਰ ਦੀਆਂ ਅਖਬਾਰਾਂ ਨੇ ਛਾਪਿਆ ਹੈ ਅਤੇ ਖਤਰਾ ਪ੍ਰਗਟ ਕੀਤਾ ਗਿਆ ਹੈ ਕਿ ਪਾਕਿਸਤਾਨ ਅਤੇ ਭਾਰਤ ਦੇ ਸੰਬੰਧ ਖਤਰਨਾਕ ਹੱਦ ਤੱਕ ਵਿਗੜ ਜਾਣਗੇ। ਇਹਨਾਂ ਬਦੇਸ਼ੀ ਅਖਬਾਰਾਂ ਨੇ ਇਹ ਵੀ ਲਿਖਿਆ ਹੈ ਕਿ ਜੇਕਰ ਭਾਰਤ ਸਰਕਾਰ ਨੂੰ ਮਈ ਮਹੀਨੇ ਵਿਚ ਇੰਨੇ ਖਤਰਨਾਕ ਭੇਤਾਂ ਦਾ ਪ੍ਰਗਟਾਵਾ ਹੋ ਗਿਆ ਸੀ ਤਾਂ ਇਹਨਾਂ ਨੂੰ ਦੇਸ਼ਵਾਸੀਆਂ ਤੇ ਦੁਨੀਆਂ ਦੀਆਂ ਨਜ਼ਰਾਂ ਤੋਂ ਇੰਨੀ ਦੇਰ ਕਿਉਂ ਲੁਕਾ ਕੇ ਰਖਿਆ ਗਿਆ।

ਲੋਕ ਸਭਾ ਵਿਚ ਜਦੋਂ ਘਰੇਲੂ ਮਾਮਲਿਆਂ ਬਾਰੇ ਮੰਤਰੀ ਸੰਤੋਸ਼ ਮੋਹਨ ਦੇਵ ਅਤੇ ਦੂਸਰੇ ਮੰਤਰੀ ਚਿੰਦਾ ਬਰਮ ਨੇ ਰਾਜ ਸਭਾ ਵਿਚ ਮੈਂਬਰਾਂ ਨੂੰ ਦੱਸਿਆ ਕਿ ਦਹਿਸ਼ਤਗਰਦਾਂ ਨੂੰ ਭਾਰਤ ਵਿਚ ਐਕਸ਼ਨ ਕਰਨ ਲਈ ਪਾਕਿਸਤਾਨ ਵਿਚੋਂ ਸਿਧੀਆਂ ਹਦਾਇਤਾਂ ਮਿਲਦੀਆਂ ਹਨ ਤਾਂ ਸਮੂਹ ਪਾਰਲੀਮੈਂਟ ਮੈਂਬਰਾਂ ਨੇ ਇਕ ਆਵਾਜ਼ ਹੋ ਕੇ ਕਿਹਾ ਕਿ ਇਸ ਸਾਜ਼ਿਸ਼ ਬਾਰੇ ਪਾਕਿਸਤਾਨ ਨੂੰ ਬਾਕਾਇਦਾ ਵਾਰਨਿੰਗ ਦਿੱਤੀ ਜਾਵੇ ਕਿ ਜੇਕਰ ਦਹਿਸ਼ਤਗਰਦਾਂ ਨੂੰ ਦਿੱਤੀ ਜਾਂਦੀ ਸਹਾਇਤਾ ਅਤੇ ਹਦਾਇਤਾਂ ਤੁਰੰਤ ਬੰਦ ਨਾ ਹੋਈਆਂ ਤਾਂ ਇਹ ਪਾਕਿਸਤਾਨ ਲਈ ਆਤਮਘਾਤ ਜੇਹੀ ਕਾਰਵਾਈ ਹੋਵੇਗੀ ਅਤੇ ਪਾਕਿਸਤਾਨ ਵਲੋਂ ਅਜੇਹੀਆਂ ਸਾਜ਼ਿਸ਼ਾਂ ਜਾਰੀ ਰਹੀਆਂ ਤਾਂ ਦੋਵਾਂ ਦੇਸ਼ਾਂ ਦੇ ਲੋਕਾਂ ਲਈ ਮੁਸ਼ਕਲਾਂ ਖੜੀਆਂ ਹੋ ਜਾਣਗੀਆਂ। ਰਾਜ ਸਭਾ ਵਿਚ ਚਿੰਦਾਬਰਮ ਨੇ ਅਪੋਜ਼ੀਸ਼ਨ ਦੇ ਸਹਿਯੋਗ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਪਾਕਿਸਤਾਨ ਨੂੰ ਸਰਕਾਰੀ ਪੱਧਰ ਉਤੇ ਸੂਚਿਤ ਕਰ ਦਿੱਤਾ ਗਿਆ ਹੈ — ਉਮੀਦ ਹੈ ਪਾਕਿਸਤਾਨੀ ਹਾਕਮ ਹੋਸ਼ਮੰਦੀ ਤੋਂ ਕੰਮ ਲੈਣਗੇ। ਉਹਨਾਂ ਸਪਸ਼ਟ ਕੀਤਾ ਕਿ ਦਰਬਾਰ ਸਾਹਿਬ ਵਿਚੋਂ ਮਿਲੇ ਕਾਗਜ਼ ਪੱਤਰਾਂ ਤੋਂ ਜ਼ਾਹਿਰ ਹੈ ਕਿ ਪਾਕਿਸਤਾਨ ਵਿਚ ਬੈਠੇ ਵਸਣ ਸਿੰਘ ਜ਼ਫਰਵਾਲਾ ਤੇ ਗੁਰਬਚਨ ਸਿੰਘ ਮਾਨੋਚਾਹਲ ਪਾਕਿਸਤਾਨੀ ਅਧਿਕਾਰੀਆਂ ਰਾਹੀਂ ਅਹਿਮ ਸੁਨੇਹੇ ਪੰਜਾਬ ਤੇ ਦੂਸਰੇ ਥਾਵਾਂ ਉਤੇ ਸਰਗਰਮ ਦਹਿਸ਼ਤਗਰਦਾਂ ਨੂੰ ਪਹੁੰਚਾਉਂਦੇ ਹਨ ਤੇ ਐਕਸ਼ਨ ਲਈ ਹਦਾਇਤਾਂ ਦੇਂਦੇ ਹਨ। ਵਸਣ ਸਿੰਘ ਜ਼ਫਰਵਾਲ ਦਾ ਸੁਖਦੇਵ ਸਿੰਘ ਦੇ ਨਾਂ ਲਿਖਿਆ ਅਜਿਹਾ ਹੀ ਇਕ ਖਤ ਸਰਕਾਰ ਦੇ ਕਬਜ਼ੇ ਵਿਚ ਹੈ।

ਦਹਿਸ਼ਤਗਰਦਾਂ ਪਾਸੋਂ ਮਿਲੇ ਪੱਤਰਾਂ ਨੂੰ ਦਿੱਲੀ ਦੇ ਅਖਬਾਰ ਟਾਈਮਜ਼ ਆਫ ਇੰਡੀਆ ਨੇ ਪ੍ਰਕਾਸ਼ਤ ਕੀਤਾ ਹੈ। ਜਿਸ ਵਿਚ ਲਿਖਿਆ ਹੈ ਕਿ ਪਾਕਿਸਤਾਨ ਠਹਿਰੇ ਹੋਏ ਵਸਣ ਸਿੰਘ ਜ਼ਫਰਵਾਲ ਜੋ ਪੰਥਕ ਕਮੇਟੀ ਦਾ ਵੀ ਅਹਿਮ ਮੈਂਬਰ ਹੈ ਨੇ ਸੁਖਦੇਵ ਸਿੰਘ ਨੂੰ ਲਿਖਿਆ ਹੈ ਕਿ ਜਿਸ ਤਰ੍ਹਾਂ "ਬਾਹਮਣੀ ਇੰਦਰਾ ਗਾਂਧੀ" ਨੂੰ ਕਤਲ ਕੀਤਾ ਗਿਆ ਸੀ ਉਸੇ ਦੇ ਬੇਟੇ ਰਾਜੀਵ ਗਾਂਧੀ ਨੂੰ ਠਿਕਾਣੇ ਲਾਇਆ ਜਾਏ — ਦਿੱਲੀ ਪੁਲਸ ਵਿਚ ਗੁਰਦਾਸਪੁਰ ਦੇ ਕਾਫੀ ਸਿੱਖ ਮੌਜੂਦ ਹਨ — ਤੁਸੀਂ ਇਹਨਾਂ ਵਿਚੋਂ ਕੁਝ ਨੂੰ ਚੁਣ ਲਓ ਜੋ ਰਾਜੀਵ ਗਾਂਧੀ ਤੇ ਬੂਟਾ ਸਿੰਘ ਦਾ ਸਫਾਇਆ ਕਰਨ। ਅਖਬਾਰ ਨੇ ਇਸ ਪੱਤਰ ਦੀ ਫੋਟੋ ਕਾਪੀ ਵੀ ਛਾਪੀ ਹੈ ਪਰ ਅਖਬਾਰ ਨੇ ਇਹ ਨਹੀਂ ਦੱਸਿਆ ਕਿ ਉਸਨੇ ਇਹ ਪੱਤਰ ਕਿਵੇਂ ਤੇ ਕਿਥੋਂ ਪ੍ਰਾਪਤ ਕੀਤਾ। ਇਸ ਖਤ ਤੋਂ ਬਾਅਦ ਪਾਰਲੀਮੈਂਟ ਵਿਚ ਜ਼ਬਰਦਸਤ ਖੜਕਾ ਦੜਕਾ ਹੋਇਆ ਤੇ ਮੈਂਬਰਾਂ ਨੇ ਪਾਕਿਸਤਾਨ ਨੂੰ ਸਖਤ ਚਣੌਤੀ ਦੇਣ ਦੀ ਮੰਗ ਕੀਤੀ। ਦੱਸਿਆ ਗਿਆ ਹੈ ਕਿ ਦਰਬਾਰ ਸਾਹਿਬ ਵਿਚੋਂ ਫੜੇ ਜਾਣ ਵਾਲੇ ਕਾਗਜ਼ ਪੱਤਰਾਂ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਹਥਿਆਰਾਂ ਦੀ ਸਮਗਲਿੰਗ ਅਤੇ ਇਹਨਾਂ ਹਥਿਆਰਾਂ ਦੀ ਕੀਮਤ ਦੀ ਅਦਾਇਗੀ ਨਾਂ ਪਤਿਆਂ ਦਾ ਵੇਰਵਾ ਵੀ ਦੱਸਿਆ ਗਿਆ ਹੈ।

## ਮਿਲਾਵਟੀ ਤੇਲ ਕਾਰਨ 4 ਸੌ ਨੂੰ ਅਧਰੰਗ

ਕਲਕੱਤਾ — ਖਾਣ ਦੇ ਤੇਲ ਵਿਚ ਮਿਲਾਵਟ ਕਾਰਨ ਕਲਕੱਤੇ ਵਿਚ ਚਾਰ ਸੌ ਤੋਂ ਵੱਧ ਵਿਅਕਤੀਆਂ ਨੂੰ ਅਧਰੰਗ ਹੋ ਗਿਆ। ਹਜ਼ਾਰਾਂ ਲੋਕੀਂ ਬੀਮਾਰ ਹੋ ਗਏ ਜਿਸ ਕਾਰਨ ਸ਼ਹਿਰ ਵਿਚ ਬੇਚੈਨੀ ਫੈਲ ਗਈ। ਇਕ ਕਰੋੜ ਦੀ ਆਬਾਦੀ ਵਾਲੇ ਇਸ ਸ਼ਹਿਰ ਵਿਚ ਅਫਵਾਹਾਂ ਨੂੰ ਰੋਕਣ ਅਤੇ ਲੋਕਾਂ ਨੂੰ ਸੰਤੁਸ਼ਟ ਕਰਨ ਲਈ ਸਰਕਾਰ ਵਾਹ ਲਾ ਰਹੀ ਹੈ। 15 ਦਿਨ ਪਹਿਲੇ ਇਕ ਕੇਸ ਆਇਆ ਸੀ। ਉਸ ਤੋਂ ਬਾਅਦ ਹਰ ਰੋਜ਼ ਹਸਪਤਾਲਾਂ ਵਿਚ ਨਵੇਂ ਕੇਸ ਪਹੁੰਚ ਰਹੇ ਹਨ। ਦੱਸਿਆ ਗਿਆ ਹੈ ਕਿ ਕੇਂਦਰੀ ਸਟੋਰਾਂ ਤੋਂ ਕੀੜੇ ਮਾਰ ਦਵਾਈਆਂ ਮਿਲਿਆ ਤੇਲ ਸ਼ਹਿਰ ਦੇ ਸਰਕਾਰੀ ਡਿਪੂਆਂ ਨੂੰ ਸਪਲਾਈ ਹੋਇਆ ਜਿਸ ਤੇ ਬਿਮਾਰੀ ਫੈਲ ਗਈ। ਪੱਛਮੀ ਬੰਗਾਲ ਦੇ ਸੂਚਨਾ ਮੰਤਰੀ ਨੇ ਕਿਹਾ ਹੈ ਕਿ ਕੋਈ ਜਾਣ ਬੁਝ ਕੇ ਇਹ ਕੁਝ ਕਰ ਰਿਹਾ ਹੈ।

## ਮਾਨ ਨੇ ਜੇਲ੍ਹ 'ਚ ਗ੍ਰੰਥੀ ਮੰਗਿਆ

ਚੰਡੀਗੜ੍ਹ — ਸੰਯੁਕਤ ਅਕਾਲੀ ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤੇ ਉਸਦੇ ਨਾਲ ਨਜ਼ਰਬੰਦ ਦੂਸਰੇ ਅਕਾਲੀਆਂ ਨੇ ਜੇਲ੍ਹ ਵਿਚ ਆਪਣੀਆਂ ਧਾਰਮਿਕ ਰੀਤਾਂ ਨੂੰ ਪੂਰਿਆਂ ਕਰਨ ਲਈ ਇਕ ਗਰੰਥੀ ਸਿੰਘ ਦੀ ਮੰਗ ਕੀਤੀ ਹੈ। ਮੁਲਜਮਾਂ ਦੇ ਵਕੀਲ ਬੀ. ਐਲ. ਵਡੇਰਾ ਨੇ ਕਿਹਾ ਹੈ ਕਿ ਜੇਕਰ ਸਥਾਨਕ ਗਰੰਥੀ ਨਹਾ ਮਿਲਦਾ ਤਾਂ ਅਕਾਲ ਸ੍ਰੀ ਪਟਨਾ ਸਾਹਿਬ ਤੋਂ ਮੰਗਾਇਆ ਜਾਵੇ। ਪਤਾ ਲੱਗਾ ਹੈ ਕਿ ਜੱਜ ਨੇ ਇਹ ਮੰਗ ਮੰਨ ਲਈ ਹੈ ਤੇ ਹੁਣ ਮਾਨ ਨੂੰ ਜੇਲ੍ਹ ਵਿਚ ਇਕ ਗਰੰਥੀ ਦਿੱਤਾ ਜਾਵੇਗਾ।




## ਦਲ ਬਦਲੀ ਕਾਨੂੰਨ 'ਚ ਸੋਧ ਵਿਚਾਰ ਅਧੀਨ ਨਹੀਂ

ਨਵੀਂ ਦਿੱਲੀ — ਸਰਕਾਰ ਵਲੋਂ ਦੱਸਿਆ ਗਿਆ ਹੈ ਕਿ ਉਹ ਮੌਜੂਦਾ ਦਲ ਬਦਲੂ ਕਾਨੂੰਨ ਵਿਚ ਸੋਧ ਕਰਨ ਦੇ ਪ੍ਰਸ਼ਨ ਤੇ ਵਿਚਾਰ ਨਹੀਂ ਕਰ ਰਹੀ। ਕਾਨੂੰਨ ਤੇ ਇਨਸਾਫ ਬਾਰੇ ਮੰਤਰੀ ਸ੍ਰੀ ਭਾਰਦਵਾਜ ਨੇ ਇਸ ਬਾਰੇ ਮਧੂ ਦੰਡਵਤੇ ਵਲੋਂ ਪੁਛੇ ਪ੍ਰਸ਼ਨ ਦਾ ਨਾਂਹ ਵਿਚ ਉਤਰ ਦਿੱਤਾ। ਬੈਲਟ ਪੇਪਰ ਦੀ ਥਾਂ ਮਸ਼ੀਨਾਂ ਰਾਹੀਂ ਵੋਟ ਪਾਉਣ ਦੀ ਸਕੀਮ ਨੂੰ ਲਾਗੂ ਕਰਨ ਬਾਰੇ ਮੰਤਰੀ ਨੇ ਦੱਸਿਆ ਕਿ ਇਸ ਸਕੀਮ ਨੂੰ ਲਾਗੂ ਕਰਨ ਤੋਂ ਪਹਿਲਾਂ ਸੰਬੰਧਤ ਕਾਨੂੰਨ ਦੀਆਂ ਧਾਰਾਵਾਂ ਵਿਚ ਸੋਧ ਕਰਨੀ ਹੋਏਗੀ। ਇਸ ਮਾਮਲੇ ਬਾਰੇ ਅੰਤਮ ਫੈਸਲਾ ਲਏ ਜਾਣ ਤੇ ਨਵੀਂ ਸਕੀਮ ਨੂੰ ਲਾਗੂ ਕਰ ਦਿੱਤਾ ਜਾਏਗਾ। ਉਹਨਾਂ ਕਿਹਾ ਕਿ ਅਗਲੀਆਂ ਆਮ ਚੋਣਾਂ ਦੌਰਾਨ ਮਸ਼ੀਨਾਂ ਰਾਹੀਂ ਵੋਟ ਪਾਉਣ ਬਾਰੇ ਹਾਲੇ ਕੋਈ ਫੈਸਲਾ ਨਹੀਂ ਕੀਤਾ ਗਿਆ ਉਹਨਾਂ ਦੱਸਿਆ ਕਿ ਜੇ ਬੈਲਟ ਪੇਪਰਾਂ ਦੀ ਥਾਂ ਮਸ਼ੀਨਾਂ ਰਾਹੀਂ ਵੋਟਾਂ ਪਾਈਆਂ ਜਾਣ ਤਾਂ ਇਸ ਨਾਲ ਸਰਕਾਰ ਨੂੰ 22-5 ਕਰੋੜ ਰੁਪਏ ਦੀ ਬਚਤ ਹੋਣ ਦੀ ਆਸ ਹੈ। ਮੰਤਰੀ ਨੇ ਵੋਟ ਪਾਉਣ ਲਈ ਘਟੋ ਘੱਟ ਉਮਰ ਦੀ ਹੱਦ 21 ਸਾਲ ਤੋਂ ਘਟਾ ਕੇ 18 ਸਾਲ ਕਰਨ ਦੀ ਸੰਭਾਵਨਾ ਨੂੰ ਵੀ ਰੱਦ ਕਰ ਦਿੱਤਾ। ਮੰਤਰੀ ਨੇ ਦੱਸਿਆ ਕਿ ਇਸ ਪ੍ਰਸ਼ਨ ਤੇ ਕਈ ਕਮੇਟੀਆਂ ਤੇ ਉਪ ਕਮੇਟੀਆਂ ਨੇ ਵਿਚਾਰ ਕੀਤੀ ਪ੍ਰੰਤੂ ਉਮਰ ਘਟਾਉਣ ਬਾਰੇ ਹਾਲਾਂ ਕੋਈ ਫੈਸਲਾ ਨਹੀਂ ਹੋਇਆ।

Sutton GROUP

ਕਿਸੇ ਵੀ ਤਰ੍ਹਾਂ ਦੀ ਜਾਇਦਾਦ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ

**ਰਾਵਿੰਦਰ ਰਾਮਪੁਰੀ**

ਨੂੰ ਫ਼ੋਨ ਕਰੋ

● ਮੌਰਟਗੇਜ ਲੈਣ ਲਈ ਤੁਹਾਨੂੰ ਬੈਂਕ ਕੋਲ ਜਾਣ ਦੀ ਲੋੜ ਨਹੀਂ। ਮੌਰਟਗੇਜ ਦਾ ਬੰਦੋਬਸਤ ਮੌਕੇ ਉਤੇ ਹੀ ਕੀਤਾ ਜਾ ਸਕਦਾ ਹੈ।

435-9477

**Thinking of Selling or Buying REAL ESTATE?**

**MARKET IS VERY ACTIVE**

REMEMBER:
- THE REAL ESTATE MARKET IS CHANGING
- DON'T UNDERSELL YOUR PROPERTY
- DON'T DELAY. CALL ME FIRST FOR A FREE "UP-TO-DATE" MARKET EVALUATION OF YOUR HOME.

FOR ALL YOUR REAL ESTATE NEEDS

CALL **RAV RAMPURI**

3010 BOUNDARY ROAD, BURNABY, B.C. V5M 4A1



RAV RAMPURI

OFF. 435-9477

PAGER 686-1160

435-9477

sutton group - excel realty corp.
AN INDEPENDENT MEMBER BROKER

435-9477

ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

London From $548^{00}$ Toronto From $299^{00}$



AUTHORIZED AGENTS FOR:

AIR CANADA
BRITISH AIRWAYS
CATHAY PACIFIC

CANADIAN AIRLINES INTERNATIONAL
THAI AIRWAYS INTERNATIONAL
& OTHER MAJOR AIRLINES

ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ਼੍ਰੀ ਲੰਕਾ, ਡਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

Prices are subject to change without notice

BAINS TRAVEL SERVICE

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363

## ਕਵਿਤਾ ਨਹੀਂ

### ਪਾਸ਼ ਨੂੰ

ਇਹ ਕੋਈ ਕਵਿਤਾ ਨਹੀਂ ਹੈ
ਇਹ ਹੈ ਬਸ ਉਸ ਜਾਗਦੀ ਕਵਿਤਾ ਦੀ ਲਾਸ਼
ਕਤਲ ਕਰ ਦਿੱਤੀ ਗਈ ਜੋ
ਅਪਣੇ ਹੀ ਕੁਝ ਅਬੋਧ ਬੋਲਾਂ ਦੇ ਹੱਥੋਂ

ਹੱਥ ਜੋ ਹਥਿਆਰਾਂ ਦੇ ਹੱਥੀਂ ਚੜ੍ਹ ਗਏ
ਤੇ ਬੋਲ ਬਹਿਣੀ ਬਹਿ ਗਏ ਬਾਰੂਦ ਦੀ
ਸਾਰ ਕੀ ਕਵਿਤਾ ਦੀ ਜਾਣੇ ਅੰਨ੍ਹਾ ਤੇ ਬੋਲਾ ਬਰੂਦ

ਇਹ ਕੋਈ ਕਵਿਤਾ ਨਹੀਂ ਹੈ
ਇਹ ਹੈ ਉਕਤਾਹਟ ਜਿਹੀ ਵਿਚ ਲਿਪਟਿਆ ਹੋਇਆ ਸਹਿਮ
ਦੋਗਲੀ ਨਫ਼ਰਤ 'ਚ ਫਸਿਆ ਆਦਮੀ ਦਾ ਡਰ, ਵਹਿਮ
ਜਿਸ ਤਰ੍ਹਾਂ ਕਿ ਆਪਣੇ ਹੀ ਜ਼ਿਹਨ ਦਾ ਖੰਡਰ ਹਾਂ ਮੈਂ
ਜਾਂ ਹਾਂ ਘਰ ਸੁੰਨਾ ਜਾਂ ਦਫਤਰ ਜਾਂ ਹਾਂ ਜੇਲ੍ਹ
ਸ਼ੂਕਦੀ ਲੰਘੀ ਮੇਰੇ ਮੱਥੇ ਦਿਆਂ ਸ਼ਿਕਨਾਂ 'ਚੋਂ ਫਿਰ ਸੋਚਾਂ ਦੀ ਰੇਲ

ਪੀੜ ਹੈ ਸੋਚਾਂ ਨੂੰ ਸ਼ਬਦਾਂ ਨੂੰ ਧੁਆਂਖੇ ਸ਼ਹਿਰ ਦੀ
ਬੀਹੀਆਂ ਵਿਚ ਬੇਗੁਨਾਹਾਂ 'ਤੇ ਮਚਾਏ ਕਹਿਰ ਦੀ
ਝੁਰਦੇ ਬੂਹੇ ਨਿਪੁੱਤਿਆਂ ਦੀ ਤੇ ਵਿਧਵਾ ਬਾਰੀਆਂ ਦੀ
ਜਾਗਦੀ ਕਵਿਤਾ ਦੀ ਹਿੱਕ ਉੱਤੇ ਚਲਾਈਆਂ ਆਰੀਆਂ ਦੀ

ਇਹ ਕੋਈ ਕਵਿਤਾ ਨਹੀਂ ਹੈ
ਇਹ ਹੈ ਕੇਵਲ ਕਾਤਲਾਂ ਦੀਆਂ ਅੱਖੀਆਂ ਵਿਚ
ਮੰਡੀਆਂ ਯੂਰੇਨੀਅਮ ਦੀਆਂ
ਮੌਤ ਦਾ ਕੌੜਾ ਵਪਾਰ, ਚਿਹਰਿਆਂ ਤੇ ਇਸ਼ਤਿਹਾਰ
ਇਸ਼ਤਿਹਾਰਾਂ ਤੇ ਲਿਖੇ ਕੁਝ ਸਾਜ਼ਸ਼ੀ ਭਾਵੁਕ ਹਰਫ਼
ਮਜ਼੍ਹਬ ਨੂੰ ਬਹੁਵਚਨ ਵਿਚ ਅਨੁਵਾਦ ਕਰ ਦਿਤਾ ਜਿਨ੍ਹਾਂ ਨੇ

ਇਹ ਕੋਈ ਕਵਿਤਾ ਨਹੀਂ ਹੈ
ਇਹ ਤਾਂ ਮੇਰੀ ਖੁਰਦੀ ਹੋਈ ਵੇਦਨਾ ਹੈ
ਕਰ ਰਹੀ ਸੀ ਜੋ ਉਡੀਕ
ਸਵਰਗ ਦੇ ਵਿਧਾਨ ਦੀ।

–ਸੁਖਵੰਤ

GM WESTMINSTER

12th. STREET AT QUEENS AVE., NEW WESTMINSTER, B.C.

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ਼੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

ਗੁਰਜੀਤ ਬਾਵਾ ਢੀਂਡਸਾ

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

BUS. 521-7731
Pager 687-1985 #5531

FOR BEST DEAL & BEST SERVICE





ਗੁਰਜੀਤ ਢੀਂਡਸਾ ਬਾਵਾ

NEW YORK LIFE

NEW YORK LIFE INSURANCE COMPANY
2030-1055 W. Georgia Street.
Vancouver, B.C. V6E 3P3

LIFE ■ HEALTH ■ GROUP ■
DISABILITY INSURANCE

ਬੀਮਾ ਲੋੜਾਂ ਹਰ ਇਕ ਆਦਮੀ ਦੀ ਮਾਸਕ ਆਮਦਨ ਮੁਤਾਬਕ ਹੁੰਦੀਆਂ ਹਨ
ਤੁਹਾਨੂੰ ਕਿੰਨੇ ਬੀਮੇ ਦੀ ਲੋੜ ਹੈ, ਤੁਸੀਂ ਰੀਟਾਇਰ ਹੋਣ ਵੇਲੇ ਕਿੰਨੀ ਆਮਦਨ ਮੰਗਦੇ ਹੋ,
ਮੈਂ ਤੁਹਾਨੂੰ ਦੱਸਾਂਗਾ ਕਿ ਤੁਹਾਨੂੰ ਕੀ ਵਾਜਬ ਹੈ ?

Off: 685-7364 Bhupinder Dhaliwal Res: 589-1559



Bhupinder Dhaliwal

FIVE RIVERS FISH 'N CHIPS

ਫਾਈਵ ਰਿਵਰਜ਼ ਫਿਸ਼ ਐਂਡ ਚਿਪਸ

6591 Fraser St. (at 50th & Fraser) Vancouver, B.C. V5X 3T4 Ph. 327-7455

ਇੰਡੀਅਨ ਸਟਾਇਲ ਮਸਾਲੇਦਾਰ ਮੱਛੀ ਅਤੇ ਮੁਰਗੇ ਦਾ ਅਨੰਦ ਮਾਨਣ ਲਈ ਫਾਈਵ ਰਿਵਰਜ਼ ਫਿਸ਼ ਐਂਡ ਚਿਪਸ 'ਤੇ ਆਓ

ਮੁਰਗਾ ਮਸਾਲੇ ਵਾਲਾ
Spicy (Masala) Chicken
$4.45 lb.

ਸੀਨਾ ਮਸਾਲੇ ਵਾਲਾ ਮੁਰਗੇ ਦਾ
Only Breasts (Spicy)
$6.95 lb.

ਮਸਾਲੇ ਵਾਲੀ ਮੱਛੀ ਦੇ ਪਕੌੜੇ
Spicy (Masala) Fish
$5.95 lb.

ਅਸੀਂ ਛੋਲੇ ਭਟੂਰੇ, ਸਪੈਸ਼ਲ ਮੱਛੀ ਵਾਲੇ ਸਮੋਸੇ ਬਣਾਉਂਦੇ ਹਾਂ, ਜੋ ਵੈਨਕੂਵਰ ਵਿਚ ਖਾਸ ਹਨ

ਇਸ ਤੋਂ ਇਲਾਵਾ ਅੰਗਰੇਜ਼ੀ ਸਟਾਇਲ ਦੀ ਮੱਛੀ, ਫਰਾਈਡ ਚਿਕਨ ਅਤੇ ਸੀ ਫੂਡ ਵੀ ਮਿਲਦਾ ਹੈ
ਤੁਸੀਂ ਫ਼ੋਨ 'ਤੇ ਵੀ ਆਰਡਰ ਕਰ ਸਕਦੇ ਹੋ
ਪਾਰਟੀਆਂ ਵਾਸਤੇ ਸਪੈਸ਼ਲ ਡਿਸਕਾਊਂਟ ਵੀ ਦਿੱਤਾ ਜਾਂਦਾ ਹੈ

ਠੰਡੀ ਬੀਅਰ ਅਤੇ ਹਰ ਕਿਸਮ ਦਾ ਮੀਟ ਦਾ ਆਚਾਰ ਇਥੋਂ ਮਿਲਦਾ ਹੈ

# Bhambra Construction Co. Ltd.

— ਸਪੈਸ਼ਲ ਸੇਵਾਵਾਂ —

— ਘਰਾਂ ਦੀ ਉਸਾਰੀ ਦੇ ਕੰਮਾਂ ਦੇ ਮਾਹਿਰ —

ਨੀਂਹਾਂ, ਫਰੇਮਿੰਗ, ਫਿਨਸ਼ਿੰਗ, ਘਰਾਂ 'ਚ ਵਧਾਰਾ ਕਰਨਾ, ਕਸਟਮ ਘਰਾਂ ਦੇ ਸਪੈਸ਼ਲਿਸਟ

**ਕੰਮ ਦੀ ਗਰੰਟੀ ਤੇ ਫ਼ਰੀ ਐਸਟੀਮੇਟ**

ਫ਼ੋਨ ਕਰੋ :

**ਅਮਰੀਕ 859-3617**

— SPECIALIZING IN —

Foundations, Framing, Finishing, Housing Additions,
Also Specializing in CUSTOM HOMES

**GUARANTEED WORK & FREE ESTIMATES**

call:

**AMRIK 859-3617**



## ਏ. ਡੀ. ਬਾਰੀਆ ਐਲ. ਐਲ. ਬੀ.

**ਵਕੀਲ**

ਜੋ ਤੁਹਾਡੇ ਨਾਲ ਪੰਜਾਬੀ ਵਿਚ ਗੱਲਬਾਤ ਕਰ ਸਕਦੇ ਹਨ

- ਪਰਸਨਲ ਸੱਟਾਂ
- ਫੈਮਿਲੀ ਮਾਮਲੇ ਤੇ ਡਾਈਵੋਰਸ
- ਰੀਅਲ ਇਸਟੇਟ ਦੇ ਮਾਮਲੇ

**ਹੋਰ ਕਿਸੇ ਵੀ ਕਾਨੂੰਨੀ ਸਲਾਹ ਲਈ ਮਿਲੋ — ਮਸ਼ਵਰਾ ਮੁਫ਼ਤ ਦੇਣਗੇ**

**Arsad Dara Baria LL.B.**

**Lawyer**

Ste. 209-6330 Fraser St., Vancouver, B.C.

**Ph. 321-8300**



## PAUL'S PLUMBING, ELECTRICAL & HEATING SUPPLY





Plumbing & Bathroom Fixtures & Supplies
Hot Water Tanks
Hot Water Heating & Supplies
And Instalations

*We cut and thread galvanized pipe*
*We Cut keys also.*

"Free customer parking at rear"

**4578 Main St., At 30th Ave., Vancouver, B.C.**

OPEN SUNDAYS

Sales: 872-3118
Service: 872-7227
HINDI, Punjabi Spoken


# 16 ਅਤਿਵਾਦੀ ਮੁਆਫੀ ਮੰਗ ਲੈਣ ਬਾਅਦ ਰਿਹਾ ਹੋ ਗਏ

ਅੰਮ੍ਰਿਤਸਰ — ਦਹਿਸ਼ਤਗਰਦੀ ਸਰਗਰਮੀਆਂ ਵਿਚ ਲੁਕ ਛਿਪ ਕੇ ਕੰਮ ਕਰਨ ਵਾਲੇ ਜਿਹਨਾਂ ਅਤਿਵਾਦੀਆਂ ਨੇ ਆਪਣੇ ਆਪ ਨੂੰ ਪੁਲਸ ਹਵਾਲੇ ਕਰ ਦਿੱਤਾ ਸੀ, ਵਿਚੋਂ 16 ਨੂੰ ਜਿਹਨਾਂ ਵਿਚੋਂ ਅੱਧੇ ਕੱਟੜ ਕਿਸਮ ਦੇ ਦਹਿਸ਼ਤਗਰਦ ਹਨ, ਰਿਹਾਅ ਕਰ ਦਿੱਤੇ ਗਏ ਹਨ। ਇਹਨਾਂ ਨੂੰ ਮਾੜੇ ਕੰਮਾਂ ਤੋਂ ਤੋਬਾ ਕਰਦਿਆਂ ਪਿਛਲੇ ਕੀਤਿਆਂ ਦੀ ਮੁਆਫੀ ਮੰਗ ਲੈਣ ਅਤੇ ਅਗੋਂ ਬੰਦੇ ਬਣ ਕੇ ਰਹਿਣ ਦਾ ਭਰੋਸਾ ਦੇਣ ਉਤੇ ਛਡਿਆ ਗਿਆ ਹੈ।

ਡਾਇਰੈਕਟਰ ਜਨਰਲ ਮਿ. ਕੇ ਪੀ ਐਸ ਗਿੱਲ ਨੇ ਦੱਸਿਆ ਕਿ ਇਹਨਾਂ ਵਿਚ 8 ਬੀ ਵਰਗ ਦੇ ਅਤਿਵਾਦੀ ਸਨ ਅਤੇ ਬਾਕੀ ਉਹ ਹਨ ਜੋ ਪਿਛਲੇ ਦੋ ਮਹੀਨੇ ਤੋਂ ਇਕ ਸਾਲ ਦੇ ਸਮੇਂ ਵਿਚ ਘਰਾਂ ਤੋਂ ਫਰਾਰ ਹੋਏ ਸਨ। ਹੁਣ ਉਹਨਾਂ ਨੇ ਪੁਲਸ ਨਾਲ ਤਾਲਮੇਲ ਕਰਕੇ ਅਗੋਂ ਸਾਊਆਂ ਵਾਲਾ ਜੀਵਨ ਬਿਤਾਉਣ ਦੀ ਇਛਾ ਪ੍ਰਗਟ ਕੀਤੀ ਸੀ। ਇਹਨਾਂ ਵਿਚ ਤਿੰਨ ਗਰੈਜੂਏਟ ਵੀ ਹਨ ਅਤੇ ਉਹ ਅਗੋਂ ਪੜ੍ਹਾਈ ਜਾਰੀ ਰਖਣਾ ਚਾਹੁੰਦੇ ਹਨ। ਕੁਝ ਦਿਨ ਪਹਿਲਾਂ ਇਹਨਾਂ ਨੇ ਤਰਨਤਾਰਨ ਪੁਲਸ ਜ਼ਿਲੇ ਦੇ ਐਸ ਐਸ ਪੀ ਸੰਜੀਵ ਗੁਪਤਾ ਤੇ ਡੀ ਸੀ ਸਰਬਜੀਤ ਸਿੰਘ ਅਗੇ ਆਤਮ ਸਮਰਪਣ ਕੀਤਾ ਸੀ।

### ਕੌਣ ਕੌਣ ਛੱਡੇ ਗਏ

ਮਿ. ਗਿੱਲ ਨੇ ਪੁਲਸ ਅਧਿਕਾਰੀਆਂ ਨੂੰ ਕਿਹਾ ਹੈ ਕਿ ਇਹਨਾਂ ਦੇ ਇਲਾਕਿਆਂ ਵਿਚ ਕਿਸੇ ਕਿਸਮ ਦੀ ਘਟਨਾ ਬਾਰੇ ਇਹਨਾਂ ਨੌਜਵਾਨਾਂ ਨੂੰ ਉਦੋਂ ਤੱਕ ਸ਼ਾਮਲ ਨਾ ਕੀਤਾ ਜਾਏ ਜਦੋਂ ਤੱਕ ਪੱਕਾ ਪਤਾ ਨਾ ਲੱਗ ਜਾਏ ਕਿ ਉਹ ਕਿਸੇ ਘਟਨਾ ਵਿਚ ਸ਼ਾਮਲ ਹਨ। ਇਹਨਾਂ ਦੇ ਨਾਂ ਹਨ : ਰਵਿੰਦਰ ਸਿੰਘ ਝਬਾਲ ਖੁਰਦ, ਨਿਰਮਲ ਸਿੰਘ ਚੋਹਲਾ ਸਾਹਿਬ, ਕੁਲਵੰਤ ਸਿੰਘ ਵੇਂਈ ਪੂੰਈ, ਵਿਰਸਾ ਸਿੰਘ, ਮੁਹਿੰਦਰ ਸਿੰਘ, ਗੁਰਮੇਜ਼ ਸਿੰਘ ਤੇ ਕਸ਼ਮੀਰਾ ਸਿੰਘ ਸਾਰੇ ਆਸਲ ਉਤਾੜ ਦੇ ਹਨ। ਜਸਵਿੰਦਰ ਸਿੰਘ ਕਲੰਜਰ, ਇਹ ਸਾਰੇ ਬੀ ਵਰਗ ਦੇ ਅਤਿਵਾਦੀ ਸਨ। ਬਾਕੀ ਹਨ : ਜਸਵਿੰਦਰ ਸਿੰਘ ਭੋਜੀਆਂ, ਹਰਜੀਤ ਸਿੰਘ ਲਾਲੂ ਘੁਮਣ, ਰਾਮ ਸਿੰਘ ਘਰਿਆਲ, ਜਗਤਾਰ ਸਿੰਘ ਠੱਠਾ, ਗੁਰਦੇਵ ਸਿੰਘ ਛੋਟਾ ਘਰਿਆਲ ਤੇ ਬਲਵਿੰਦਰ ਸਿੰਘ।

# ਸੁਰਜੀਤ ਸਿੰਘ ਬਰਨਾਲਾ ਤੇ ਬਲਵੰਤ ਚੌ. ਦੇਵੀ ਲਾਲ ਨੂੰ ਮਿਲੇ

ਚੰਡੀਗੜ੍ਹ — ਖਬਰ ਹੈ ਕਿ ਪਿਛਲੇ ਦਿਨੀਂ ਸਾਬਕ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਤੇ ਬਲਵੰਤ ਸਿੰਘ ਨੇ ਜਦੋਂ ਅਚਾਨਕ ਹਰਿਆਣੇ ਦੇ ਮੁਖ ਮੰਤਰੀ ਚੌ. ਦੇਵੀ ਲਾਲ ਨਾਲ ਮੁਲਾਕਾਤ ਕੀਤੀ ਤਾਂ ਉਹਨਾਂ ਦੇ ਨਾਲ ਸੀ ਪੀ ਐਮ ਲੀਡਰ ਸਾਥੀ ਹਰਕਿਸ਼ਨ ਸਿੰਘ ਸੁਰਜੀਤ ਵੀ ਨਾਲ ਸਨ। ਉਹਨਾਂ ਨੇ ਪੰਜਾਬ ਦੀ ਗੜਬੜੀ ਅਪੋਜ਼ੀਸ਼ਨ ਪਾਰਟੀਆਂ ਦੀ ਏਕਤਾ ਹਰਿਆਣੇ ਤੇ ਪੰਜਾਬ ਦੇ ਲੋਕ ਸੰਬੰਧਾਂ ਬਾਰੇ ਵਿਚਾਰਾਂ ਕੀਤੀਆਂ।

# ਰਾਗੀ ਦਰਸ਼ਨ ਸਿੰਘ ਅਕਾਲ ਤਖਤ ਦਾ ਜਥੇਦਾਰ ਬਣਨ ਲਈ ਤਿਆਰ ਪਰ...

ਅੰਮ੍ਰਿਤਸਰ — ਅਕਾਲ ਤਖਤ ਦੇ ਸਾਬਕਾ ਜਥੇਦਾਰ ਰਾਗੀ ਦਰਸ਼ਨ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਉਹ ਉਸ ਸਮੇਂ ਤੱਕ ਜਥੇਦਾਰ ਬਣਨ ਲਈ ਤਿਆਰ ਨਹੀਂ ਹੈ ਜਿੰਨਾ ਚਿਰ ਹਰਿਮੰਦਰ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਹੀਂ ਸੰਭਾਲਿਆ ਜਾਂਦਾ। ਉਨ੍ਹਾਂ ਕਿਹਾ ਕਿ ਉਹ ਜੋ ਲੋਕ ਅਜ ਹਰਿਮੰਦਰ ਸਾਹਿਬ ਉਪਰ ਕਾਬਜ਼ ਹਨ ਉਹ ਉਨ੍ਹਾਂ ਦੀ ਕਠਪੁਤਲੀ ਨਹੀਂ ਬਣਨਾ ਚਾਹੁੰਦਾ। ਸ੍ਰੀ ਦਰਸ਼ਨ ਸਿੰਘ ਨੇ ਕਿਹਾ ਅੱਜ ਦੀਆਂ ਹਾਲਤਾਂ ਵਿਚ ਅਕਾਲ ਤਖਤ ਦਾ ਪ੍ਰਬੰਧ ਸਿਖੀ ਰਵਾਇਤਾਂ ਅਨੁਸਾਰ ਚਲਾਇਆ ਜਾਣਾ ਅਸੰਭਵ ਹੈ।


CALL US FIRST

IATA APPROVED OFFICE

## Express Internationl Travel (1986) Ltd. ATAC

**Approved Agent All Major Airlines**

**ਸਪੈਸ਼ਲ ਧਮਾਕੇਦਾਰ ਸੇਲ ਲੱਗ ਗਈ**

ਸਿੰਘਾਂਪੁਰ $1050 ਰੀਟਰਨ ਹਾਂਗਕਾਂਗ $870 ਰੀਟਰਨ ਟਰਾਂਟੋ $299 ਰੀਟਰਨ ਇੰਗਲੈਂਡ $635 ਰੀਟਰਨ

ਐਡਮਿੰਟਨ $176 ਰੀਟਰਨ ਕੈਲਗਰੀ $148 ਰੀਟਰਨ

ਸਾਡੇ ਕੋਲ ਸਪੈਸ਼ਲ ਇੰਮੀਗਰੇਂਟ ਕਿਰਾਏ ਲਈ ਟਿਕਟਾਂ ਮਿਲਦੀਆਂ ਹਨ।

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

ਇਕ ਟਿਕਟ ਲੈਣ ਦੇ ਨਾਲ 1 ਲੱਖ ਡਾਲਰ ਦੀ ਟਰੈਵਲ ਇਨਸ਼ੋਰੈਂਸ ਮੁਫਤ ਦਿੱਤੀ ਜਾਵੇਗੀ

ਦਿੱਲੀ ਤੋਂ ਵੈਨਕੂਵਰ ਤੱਕ ਸਸਤੇ ਕਿਰਾਏ ਲਈ ਸਾਨੂੰ ਮਿਲੋ **Ph. 321-8777**

5787 Victoria Drive, Vancouver,



AJIT KANG

# ਸ਼ੰਕਰ ਸਿੰਘ ਸ਼ੋਕਰ ਨੂੰ ਖਤ

ਵਿਲੀਅਮਜ਼ਲੇਕ — (ਗੁਰਮੇਲ ਸਿੰਘ), ਗਿਆਨ ਸਿੰਘ ਸੰਧੂ ਦੇ ਘਰ ਅੱਗੇ ਮੁਜ਼ਾਹਰਾ ਕਰਨ ਤੇ ਉਹਨਾਂ ਵਕੀਲ ਪਾਸੋਂ ਖਤ ਪਵਾ ਦਿੱਤਾ ਸੀ।

ਫੈਸਲਾ ਇਹ ਕੀਤਾ ਸੀ ਕਿ ਜਵਾਬ ਕਚਹਿਰੀ 'ਚ ਹੀ ਦਿੱਤਾ ਜਾਵੇਗਾ। ਪਰ ਮੁੜਕੇ ਕਚਹਿਰੀਆਂ ਤੋਂ ਸੁਨੇਹਾ ਨਹੀਂ ਆਇਆ। ਭਲਾ ਦੇਰ ਕੈਸੀ ਹੈ।

June 8, 1988

Mr. Shankar Singh
589 Fourth Avenue North
Williams Lake, British Columbia
V2G 2E5

Dear Sir:

RE: Our Client - Gian Singh Sandhu

We are advised by our client that on the 29th of May, 1988, at or near the residence of Gian Singh Sandhu you addressed a group of persons there assembled saying as follows:

"you have understood that the people are being unfairly treated and cheated...this is the first time that I see our own man has frauded and deceived our own people...we are protesting the unfair and fraudulent action...we can't withstand daylight fraud of a worker...if Gian feels that he is right, he should defend this fraud here."

Our client hereby demands that you immediately apologize and retract the statements and that you publish the apology and retraction within fourteen (14) days of the date of this letter in the local newspaper "The Tribune" in both the English and Punjabi languages.

If you fail to retract your statement and apologize as requested, we have instructions to commence legal proceedings against yourself for defamation without further notice.

Yours truly,
HARROP, PHILLIPS
Per:
Peter F. Buxton

/ktj
Copy to: Mr. G.S. Sandhu

# ਵਿਲੀਅਮਜ਼ਲੇਕ ... ਨਵਾਂ ਗੁਰਦੁਆਰਾ



ਵਿਲੀਅਮਜ਼ਲੇਕ — (ਗੁਰਮੇਲ ਸਿੰਘ) ਵੈਸਟਰਨ ਸਿੰਘ ਸਭਾ ਵਲੋਂ ਕਿਸ਼ਨ ਸਿੰਘ ਪ੍ਰਮਾਰ ਹੋਰਾਂ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਦੀ ਉਸਾਰੀ ਸ਼ੁਰੂ ਹੈ। ਇਥੇ ਪਹਿਲਾਂ ਭੀ ਗੁਰਦੁਆਰਾ ਸਾਹਿਬ ਸਥਿਤ ਨੇ। ਪਰ ਕੁਝ ਸ਼ਰਧਾਲੂਆਂ ਅੜੀ ਵਿਚ ਆ ਕੇ 'ਆਪਣਾ ਵੱਖਰਾ' ਸਥਾਨ ਅਰੰਭਿਆ ਹੈ।

ਬਿਲਡਿੰਗ ਕਾਫੀ ਵੱਡੀ ਦੀ ਯੋਜਨਾ ਹੈ। ਟਰੱਸ ਪਾਉਣ ਤੋਂ ਬਾਅਦ ਠੀਕ ਕਰਦਿਆਂ ਸਮੇਂ ਇਕ ਦੂਜੇ ਨੂੰ ਧੱਕੇ ਨਾਲ ਸਾਰਾ ਢਾਂਚਾ ਹੀ ਜ਼ਮੀਨ ਤੇ ਆ ਪਿਆ ਸੱਟ-ਫੇਟ ਤੋਂ ਮੇਹਰਾਂ ਪਰ ਮਾਇਕ ਧੱਕਾ ਵੀਹ ਕੁ ਹਜ਼ਾਰ ਦਾ ਦੱਸਦੇ ਹਨ।

# ਮਨਜੀਤ ਸੰਘਾ ਨੇ ਗੋਲਡ ਮੈਡਲ ਜਿੱਤਿਆ



ਬੀ. ਸੀ. ਗੇਮਾਂ ਵਿਚ ਮਨਜੀਤ ਸੰਘਾ

ਵਿਲੀਅਮਜ਼ਲੇਕ — ਪਿਛਲੇ ਦਿਨੀਂ ਹੋਈਆਂ ਬੀ. ਸੀ. ਦੀਆਂ ਖੇਡਾਂ ਵਿਚ (Summer Games) ਇਥੋਂ ਦੇ ਮਨਜੀਤ ਸੰਘਾ ਨੇ ਕੁਸ਼ਤੀ (78 ਕਿਲੋ) ਵਿਚ ਗੋਲਡ ਮੈਡਲ ਪ੍ਰਾਪਤ ਕਰਕੇ ਕਮਿਊਨਿਟੀ ਦਾ ਨਾਂ ਰੌਸ਼ਨ ਕੀਤਾ ਹੈ ਮਨਜੀਤ ਕੁਸ਼ਤੀਆਂ 'ਚ ਦਿਲਚਸਪੀ ਰੱਖਣ ਵਾਲੇ ਸ੍ਰੀ ਤੀਰਥ ਸੰਘਾ ਦਾ ਸਪੁੱਤਰ ਹੈ ਜਿਸਨੇ ਮਨਜੀਤ ਦੇ ਸ਼ੌਕ ਨੂੰ ਪ੍ਰਫੁਲਤ ਕਰਨ ਲਈ ਘਰ ਵਿਚ ਹੀ ਹਰ ਸਹੂਲਤ ਉਸਨੂੰ ਮੁਹੱਈਆ ਕੀਤੀ ਹੋਈ ਹੈ।

ਮਨਜੀਤ ਸੰਘਾ ਅਜੇ ਕੇਵਲ 16 ਸਾਲ ਦਾ ਨੌਜਵਾਨ ਹੈ ਜੋ ਕੁਆਲਮਨੀਜ਼ਾ ਹਾਇਰ ਸੈਕੰਡਰੀ ਸਕੂਲ ਵਿਲੀਅਮਜ਼ਲੇਕ ਵਿਚ ਵਿਦਿਆ ਪ੍ਰਾਪਤ ਕਰ ਰਿਹਾ ਹੈ। ਵਿਕਟੋਰੀਆ ਵਿਚ ਗੋਲਡ ਮੈਡਲ ਜਿੱਤਣ ਤੋਂ ਪਹਿਲਾਂ ਵੀ ਮਨਜੀਤ ਨੇ ਬੀ. ਸੀ. ਨਦਰਨ ਗੇਮਾਂ ਵਿਚ ਗੋਲਡ ਮੈਡਲ ਜਿੱਤਿਆ ਸੀ ਜੋ ਵਿਲੀਅਮਜ਼ਲੇਕ ਅਤੇ ਸਮਿਦਰਜ਼ ਵਿਚ ਹੋਈਆਂ ਹਨ। ਮਨਜੀਤ ਕੇਵਲ 13 ਸਾਲ ਦਾ ਸੀ ਜਦੋਂ ਉਸਨੇ ਕੁਸ਼ਤੀ ਲੜਨੀ ਸ਼ੁਰੂ ਕੀਤੀ।

ਮਨਜੀਤ ਸੰਘਾ ਦਾ ਪਿਛੋਕੜ ਪਿੰਡ ਭਵਿਆਣਾ ਜ਼ਿਲਾ ਕਪੂਰਥਲਾ ਹੈ। ਵਿਲੀਅਮਜ਼ਲੇਕ ਵਿਚ ਉਸ ਦੇ ਕੋਚ ਕੁਲਵੰਤ ਸਿੰਘ ਨਿੱਜਰ ਹਨ ਜੋ ਉਸਨੂੰ ਪ੍ਰੈਕਟਿਸ ਕਰਾਉਂਦੇ ਹਨ ਅਤੇ ਟਰੇਨਿੰਗ ਦਿੰਦੇ ਹਨ। ਸ੍ਰੀ ਤੀਰਥ ਸੰਘਾ ਅਨੁਸਾਰ ਨਿੱਜਰ ਹੋਰਾਂ ਆਪਣਾ ਕਾਫੀ ਸਮਾਂ ਮਨਜੀਤ ਨੂੰ ਕੁਸ਼ਤੀਆਂ ਵਿਚ ਕੁਸ਼ਲਤਾ ਦਿਵਾਉਣ ਲਈ ਦਿੱਤਾ ਹੈ।

## 'ਜਿਹਨੂੰ ਸੱਪ ਸੀ ਸਮਝਿਆ'

ਪਿਛਲੇ ਹਫਤੇ ਮਾਲ ਨਾ ਹੋਣ ਕਰਕੇ ਤੇ ਮਾਲ ਮੁੜਨ ਕਰਕੇ ਜੈਕ-ਪਾਈਨ 'ਚ ਰੌਣਕ ਤਾਂ ਘੱਟ ਹੀ ਸੀ ਪਰ ਰਾਤੀਂ ਮਾਲਕਾਂ ਦਾ ਸ਼ਰਧਾਲੂ ਭੱਜਾ-ਭੱਜਾ ਕਾਮਿਆਂ ਪਾਸ ਆਇਆ ਕਿ ਕੰਮ ਬੰਦ ਕਰ ਦਿਉ ਕਾਰਨ ਇਹ ਦੱਸਿਆ ਗਿਆ ਕਿ "ਦਸ ਹਜ਼ਾਰੀ ਆ ਗਏ ਹਨ।" ਫੋਰਕ ਲਿਫਟ ਤੇ ਚੜ੍ਹ ਕੇ ਜਦੋਂ ਨੇੜੇ ਜਾ ਕੇ ਦੇਖਿਆ ਤਾਂ ਉਹ ਤਾਂ ਕੋਈ ਰਾਹ-ਗੁਜ਼ਰ ਹੀ ਸਨ। ਸਵਾ ਅੱਠ ਡਾਲਰ ਘੰਟੇ ਤੇ ਕੰਮ ਕਰਨ ਵਾਲੇ ਬੰਦੇ ਕਿਵੇਂ ਆਪਣੇ ਸਰੀਰ ਦੀ ਰਖਵਾਲੀ ਲਈ ਵਰਤੇ ਜਾਂਦੇ ਹਨ — ਯਾਦ ਰਵ੍ਹੇ ਇਨ੍ਹਾਂ 'ਚ ਕੁਝ ਦਸ-ਹਜ਼ਾਰੀ ਭੀ ਹਨ। ਸਾਰੇ ਸ਼ਹਿਰ 'ਚ ਬੜੀ ਚਰਚਾ ਹੈ ਕਿ ਇਹ ਕਾਮੇ ਭਰਤੀ ਕੀਤੇ ਹਨ ਜਾਂ ਟਾਸਕ-ਫੋਰਸ।


# UJJAL DOSANJH
## LAWYER
#202—5887 VICTORIA DRIVE,
VANCOUVER, B.C. V5P 3W5

**ਆਪਣੀ ਬੋਲੀ ਵਿਚ ਗੱਲ ਕਰਨੀ ਸੌਖੀ ਹੈ**

- ਆਈ. ਸੀ. ਬੀ. ਸੀ.
- ਡਾਈਵੋਰਸ (ਤਲਾਕ) ਅਤੇ ਪ੍ਰੀਵਾਰਕ (ਫੈਮਿਲੀ) ਕੇਸ
- ਇਮੀਗਰੇਸ਼ਨ ਦੀਆਂ ਅਪੀਲਾਂ
- ਅਦਾਲਤਾਂ ਦੇ ਹੋਰ ਕਈ ਕਿਸਮ ਦੇ ਕੇਸ

ਹੋਰ ਜਾਣਕਾਰੀ ਲਈ ਫ਼ੋਨ ਕਰੋ :

ਉਜੱਲ ਦੁਸਾਂਝ

PHONE 327-6381


- ਇੱਕ ਦੋਸਤ ਦੂਸਰੇ ਦੋਸਤ ਨੂੰ : 'ਰਾਤ ਨੂੰ ਸੂਰਜ ਕਿਉਂ ਨਹੀਂ ਦਿਸਦਾ? ਦੂਸਰਾ ਜਵਾਬ ਦਿੰਦਾ ਹੈ: ਸੂਰਜ ਤਾਂ ਨਿਕਲਦਾ ਹੈ, ਪਰ ਰਾਤ ਨੂੰ ਹਨੇਰਾ ਹੋਣ ਕਾਰਨ ਦਿਸਦਾ ਨਹੀਂ।

## 'ਕੈਨੇਡਾ ਦਰਪਣ' ਆਪ ਪੜ੍ਹੋ ਤੇ ਦੂਜਿਆਂ ਨੂੰ ਪੜ੍ਹਨ ਲਈ ਪਰੇਰੋ


**ਜਗਦੀਸ਼ ਸਿੰਘ** ਬੀ. ਏ. ਐਲ. ਐਲ. ਬੀ. (ਪੰ. ਯੂ.)

**ਨੋਟਰੀ ਪਬਲਿਕ**



- ਘਰ ਜਾਂ ਜ਼ਮੀਨ ਖ਼ੀਦਣ, ਵੇਚਣ ਲਈ ਜਾਂ ਮੋਰਟਗੇਜ ਲੈਣ ਲਈ ਜਾਂ ਕੌਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨਾ ਤੇ ਰਜਿਸਟਰੀ ਕਰਵਾਉਣ
- ਡੈਕਲਾਰੇਸ਼ਨ, ਰਾਹਦਾਰੀ, ਐਗਰੀਮੈਂਟਸ, ਨਾਂ ਦੀ ਤਬਦੀਲੀ ਟਰਾਂਸਲੇਸ਼ਨ ਆਦਿ।

**ਇਮੀਗਰੇਸ਼ਨ ਸਲਾਹਕਾਰ**

- ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ
- Adoption - ਭਾਰਤ ਤੋਂ ਬੱਚੇ ਗੋਦ ਲੈਣਾ ਤੇ ਉਹਨਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਦੇ ਆਮ ਮਸਲੇ
- ਭਾਰਤੀ ਕਾਨੂੰਨਾਂ ਬਾਰੇ ਸਲਾਹ
- ਵਰਕਜ਼ ਕੰਪਨਸੇਸ਼ਨ ਕੇਸਾਂ ਬਾਰੇ

**Ph. Off: 324-6727 Res: 324-4160**

(ਦਫਤਰ ਸ਼ਨਿਚਰਵਾਰ ਵੀ ਖੁਲ੍ਹਦਾ ਹੈ)

**#201 - 2001 East 36th Ave. [at victoria]**
**Vancouver. B.C. V5P 1C9**

ਜਗਦੀਸ਼ ਸਿੰਘ [B.A. L.L.B. (Pb. U.)]
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)


# ਗੀਤ

## ਹਉਕਿਆਂ ਦੀ ਰੁੱਤ

ਅਮਰਜੀਤ ਢਿੱਲੋਂ

ਸੜਕਾਂ ਸਲੇਟੀਆਂ 'ਤੇ ਜ਼ਖਮਾਂ ਦੇ ਢੇਰ ਨੇ।
ਦੇਖ ਲੈ ਓ ਦਿਲਾ! ਇਹ ਵੀ ਸਮਿਆਂ ਦੇ ਫੇਰ ਨੇ।

ਹਉਕਿਆਂ ਦੀ ਰੁੱਤ ਦਿਲਾਂ ਵਿਚ ਆ ਕੇ ਬਹਿ ਗਈ।
ਹਾਸਿਆਂ ਦੀ ਫਸਲ ਕਰੰਡ ਹੋ ਕੇ ਰਹਿ ਗਈ।
ਖਾ ਲਿਆ ਮਾਸ ਸਾਡਾ ਕਾਗਜ਼ ਦੇ ਸ਼ੇਰ ਨੇ।
ਦੇਖ ਲੈ ਓ ਦਿਲਾ! ਇਹ ਵੀ ਸਮਿਆਂ ਦੇ ਫੇਰ ਨੇ।

ਤੁਰੀ ਜਾਂਦੀ ਬੱਸ ਵਿਚ ਤੱਤਾ ਖੂਨ ਠਾਰਤਾ।
ਰੁੱਖ ਨਾਲ ਬੰਨ੍ਹ ਕਿਸੇ, ਠੰਢਾ ਲਹੂ ਮਾਰਤਾ।
ਲੋਹੇ ਦਿਆਂ ਦਿਲਾਂ ਵਾਲੇ ਬਹੁਤੇ ਹੀ ਦਲੇਰ ਨੇ। ਦੇਖ ਲੈ...

ਘਰੇ ਭੰਗ ਭੁੱਜਦੀ ਹੈ, ਬਾਹਰ ਪੈਰ ਭੁੱਜਦੇ।
ਕਿਸੇ ਵੀ ਮੰਜ਼ਿਲ ਉਤੇ ਚੰਦਰੇ ਨਾ ਪੁਜਦੇ।
ਤੁਰੇ ਨਾ ਕੋਈ ਭਾਵਨਾ ਦੇ ਡੁੱਲ੍ਹੇ ਹੋਏ ਬੇਰ ਨੇ। ਦੇਖ ਲੈ...

ਫਹੇ ਲਾਵੇ ਜ਼ਖਮਾਂ 'ਤੇ ਦਿਸਦਾ ਕੋਈ ਵੈਦ ਨਾ।
ਲਗਦੀ ਮੁੱਕਣ ਵਾਲੀ ਸਾਡੀ ਇਹ ਕੈਦ ਨਾ।
ਦੇਰ ਹੈ, ਹਨੇਰ ਹੈ ਜੀ, ਰੁੱਸ ਗਏ ਸਵੇਰ ਨੇ।
ਦੇਖ ਲੈ ਓ ਦਿਲਾ! ਇਹ ਵੀ ਸਮਿਆਂ ਦੇ ਫੇਰ ਨੇ।


AUTOPAC
PROTECTING MANITOBANS ON THE MOVE

**Dorion Insurance Agency**

**ਤੁਹਾਡੀ ਆਪਣੀ ਕੌਮੀ ਇਨਸ਼ੋਰੈਂਸ ਏਜੰਸੀ** **ਡੋਰੀਅਨ ਇਨਸ਼ੋਰੈਂਸ ਏਜੰਸੀ**

ਹਰ ਪ੍ਰਕਾਰ ਦੀ ਇਨਸ਼ੋਰੈਂਸ ਕਰਵਾਉਣ ਲਈ

- ਆਪਣੇ ਮਕਾਨ • ਵਿਉਪਾਰ • ਕਾਰ ਤੇ ਟਰੱਕ • ਜੀਵਨ ਬੀਮਾ • ਕੰਮ ਸਮੇਂ ਸੱਟ ਲੱਗ ਜਾਣ ਤੇ ਜਾਂ
- ਬੀਮਾਰ ਹੋ ਜਾਣ ਤੇ। • ਆਟੋ ਪੈਕ ਰੀਨੀਊ ਕਰਾਉਣ ਲਈ • ਲਾਈਸੈਂਸ ਪਲੇਟਾ ਲੈਣ ਲਈ
- ਕਾਰ, ਟਰੱਕ, ਮੋਟਰ ਸਾਈਕਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਮਿਲੋ ਜਾਂ ਫ਼ੋਨ ਕਰੋ :

**ਕੁਲਵੰਤ ਸਿੰਘ ਬਰਾੜ** ਫੋਨ : 772-3301 775-1061

**AJANTA TRAVELS**

**ਮੈਨੀਟੋਬਾ ਵਿਚ ਹਵਾਈ ਜਹਾਜ਼ਾਂ ਦੀਆਂ ਟਿਕਟਾਂ ਲਈ ਅਜੰਤਾ ਟਰੈਵਲਜ਼ ਨੂੰ ਫੋਨ ਕਰੋ**



Kulwant S. Brar
Manager & Owner



L/R LAKEVIEW REALTY LTD. DELTA 590-3231

7909 Scott Rd., Delta, B.C. V4C 6P6

ਆਪਣਾ ਘਰ ਖ਼ੀਦਣ ਜਾਂ ਵੇਚਣ ਲਈ, ਕਮਰਸ਼ਲ ਜਾਂ ਇੰਡਸਟਰੀਅਲ ਪ੍ਰਾਪਰਟੀਆਂ ਦੀਆਂ ਲੋੜਾਂ ਲਈ ਜੇ ਤੁਹਾਨੂੰ ਪ੍ਰੋਫ਼ੈਸ਼ਨਲ ਮੱਦਦ ਦੀ ਲੋੜ ਹੈ ਤਾਂ ਤੁਹਾਡੀ ਸੇਵਾ ਲਈ ਹਾਜ਼ਰ ਹਨ

**ਬੇਅੰਤ ਸੇਖੋਂ**

ਪ੍ਰਾਪਰਟੀ ਬਾਰੇ ਕਿਸੇ ਕਿਸਮ ਦੀ ਜਾਣਕਾਰੀ ਲਈ ਅੱਜ ਹੀ ਫੋਨ ਕਰੋ

**Bus. (604) 590-3231**
**Res. (604) 591-1354 ਜਾਂ 588-0749**



**BEANT SEKHON**
Res. 591-1354
or
588-0749



**Via Rail Tickets Now issued here** to U.S.A and CANADA

**ਹੁਣੇ ਬੁੱਕ ਕਰਾਓ**

ਤੁਸੀਂ ਪੰਜਾਬੀ, ਹਿੰਦੀ, ਉਰਦੂ, ਇੰਗਲਿਸ਼ ਵਿਚ ਗੱਲਬਾਤ ਕਰ ਸਕਦੇ ਹੋ

**Travel to India, Europe &**

ONE WAY FARE IS ALSO AVAILABLE TO TORONTO ONLY
BOOK EARLY TO AVOID DISAPPOINTMENT



*For booking conditions please call:*



***Fourways Travel Limited***
9341 - 120 St., (Scott Rd.) Delta, B.C.

**Anywhere in the world.** **Ph. (604) 584-1411**

ਸਰੀ-ਡੈਲਟਾ ਦੇ ਵਸਨੀਕਾਂ ਨੂੰ ਵੈਨਕੂਵਰ ਜਾਣ ਦੀ ਲੋੜ ਨਹੀਂ — ਅਸੀਂ ਇਥੋਂ ਹੀ ਦੁਨੀਆਂ ਦੇ ਕਿਸੇ ਵੀ ਕੋਨੇ ਲਈ ਟਿਕਟਾਂ ਦੇ ਸਕਦੇ ਹਾਂ

# ਸੁਪਰੀਮ ਕੋਰਟ ਵਲੋਂ ਇੰਦਰਾ ਕਤਲ ਕੇਸ ਬਾਰੇ ਫੈਸਲੇ
# ਬਲਬੀਰ ਸਿੰਘ ਬਰੀ, ਸਤਵੰਤ ਸਿੰਘ ਤੇ ਕਿਹਰ ਸਿੰਘ ਦੀ ਫਾਂਸੀ ਦੀ ਸਜ਼ਾ ਕਾਇਮ



ਨਵੀਂ ਦਿੱਲੀ — ਭਾਰਤੀ ਸੁਪਰੀਮ ਕੋਰਟ ਨੇ ਮਰਹੂਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਦੇ ਦੋਸ਼ ਵਿਚ ਸਤਵੰਤ ਸਿੰਘ ਅਤੇ ਕਿਹਰ ਸਿੰਘ ਦੀ ਫਾਂਸੀ ਦੀ ਸਜ਼ਾ ਨੂੰ ਕਾਇਮ ਰੱਖਿਆ ਹੈ ਪਰ ਤੀਸਰੇ ਮੁਲਜ਼ਮ ਬਲਬੀਰ ਸਿੰਘ ਨੂੰ ਬਰੀ ਕਰ ਕੇ ਤੁਰੰਤ ਰਿਹਾਅ ਕਰਨ ਦੇ ਹੁਕਮ ਦੇ ਦਿੱਤੇ ਹਨ। ਸੁਪਰੀਮ ਕੋਰਟ ਦੇ ਤਿੰਨ ਜੱਜਾਂ ਦੇ ਪੈਨਲ ਨੇ ਪੁਲਸ ਕਾਂਸਟੇਬਲ ਸਤਵੰਤ ਸਿੰਘ ਅਤੇ ਸਰਕਾਰੀ ਅਧਿਕਾਰੀ ਕਿਹਰ ਸਿੰਘ ਵਲੋਂ ਉਹਨਾਂ ਦੀ ਫਾਂਸੀ ਦੀ ਸਜ਼ਾ ਦੇ ਖਿਲਾਫ ਕੀਤੀਆਂ ਅਪੀਲਾਂ ਰੱਦ ਕਰ ਦਿੱਤੀਆਂ ਅਤੇ ਬਲਬੀਰ ਸਿੰਘ ਵਿਰੁਧ ਕਤਲ ਦੀ ਸਾਜ਼ਿਸ਼ ਦਾ ਲਾਇਆ ਗਿਆ ਦੋਸ਼ ਗਲਤ ਕਰਾਰ ਦੇ ਦਿੱਤਾ ਜਿਸ ਨੂੰ ਅਕਤੂਬਰ 1984 ਵਿਚ ਇੰਦਰਾ ਗਾਂਧੀ ਦੇ ਕਤਲ ਤੋਂ ਇਕ ਮਹੀਨੇ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ। ਯਾਦ ਰਹੇ ਟਰਾਇਲ ਕੋਰਟ ਨੇ ਉਕਤ ਤਿੰਨ ਮੁਲਜ਼ਮਾਂ ਨੂੰ ਹੀ ਫਾਂਸੀ ਦੀਆਂ ਸਜ਼ਾਵਾਂ ਦਿੱਤੀਆਂ ਸਨ। ਨਵੀਂ ਦਿੱਲੀ ਹਾਈਕੋਰਟ ਨੇ ਵੀ ਬਾਅਦ ਵਿਚ ਇਹਨਾਂ ਸਜ਼ਾਵਾਂ ਨੂੰ ਬਰਕਰਾਰ ਰੱਖਿਆ ਸੀ। 31 ਅਕਤੂਬਰ 1984 ਨੂੰ ਸਾਬਕ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਉਹਨਾਂ ਦੇ ਬਾਹਰਲੇ ਗਾਰਡਨ ਵਿਚ ਸਵੇਰ ਨੂੰ ਉਸ ਸਮੇਂ ਗੋਲੀਆਂ ਮਾਰ ਕੇ ਖਤਮ ਕਰ ਦਿੱਤਾ ਗਿਆ ਸੀ ਜਦੋਂ ਕੋਠੀ ਵਿਚੋਂ ਨਿਕਲ ਕੇ ਉਹ ਕਿਸੇ ਮੀਟਿੰਗ ਉਤੇ ਜਾ ਰਹੀ ਸੀ। ਕਤਲ ਸਮੇਂ ਹੀ ਇੰਦਰਾ ਗਾਂਧੀ ਦੇ ਬਾਡੀ ਗਾਰਡ ਬੇਅੰਤ ਸਿੰਘ ਦੀ ਦੂਸਰੇ ਗਾਰਡਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ ਅਤੇ ਦੂਸਰੇ ਗਾਰਡ ਸਤਵੰਤ ਸਿੰਘ ਦੇ ਵੀ ਗੋਲੀਆਂ ਲਗੀਆਂ ਪਰ ਉਹ ਬਚ ਗਿਆ ਸੀ। ਇਹਨਾਂ ਦੋਵਾਂ ਉਤੇ ਇੰਦਰਾ ਗਾਂਧੀ ਉਤੇ ਰੀਵਾਲਵਰ ਅਤੇ ਆਟੋਮੈਟਿਕ ਰਾਈਫਲ ਨਾਲ ਫਾਇਰਿੰਗ ਕਰਕੇ ਉਹਨਾਂ ਨੂੰ ਕਤਲ ਕਰਨ ਦੇ ਦੋਸ਼ ਸਨ।

ਪੈਨਲ ਦੇ ਸੀਨੀਅਰ ਜੱਜ ਜੀ ਐਲ ਓਜ਼ਾ ਨੇ ਆਪਣੇ ਫੈਸਲੇ ਵਿਚ ਲਿਖਿਆ ਕਿ ਇੰਦਰਾ ਗਾਂਧੀ ਨੂੰ ਜਿਸ ਬੇਰਹਿਮੀ ਨਾਲ ਮਾਰਿਆ ਗਿਆ ਉਸ ਨੂੰ ਦੇਖਦਿਆਂ ਸਤਵੰਤ ਸਿੰਘ ਦੀ ਸਜ਼ਾ ਵਿਚ ਕਮੀ ਕੀਤੇ ਜਾਣ ਦੀ ਦਰਖਾਸਤ ਦਾ ਕੋਈ ਮੁੱਲ ਨਹੀਂ ਰਹਿ ਜਾਂਦਾ। ਇਥੋਂ ਤੱਕ ਕਿ ਇਸ ਕਤਲ ਲਈ ਉਕਸਾਉਣ ਵਾਲੇ ਵਿਅਕਤੀ ਨੂੰ ਸਜ਼ਾ ਦੇਣ ਲੱਗਿਆਂ ਵੀ ਕਿਸੇ ਨਰਮੀ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ।

ਸੁਪਰੀਮ ਕੋਰਟ ਦੇ ਪੈਨਲ ਦੇ ਦੂਸਰੇ ਦੋ ਜੱਜਾਂ ਬੀ ਸੀ ਰੇਅ ਅਤੇ ਕੇ ਜਗਨ ਨਾਥਾ ਨੇ ਫੈਸਲੇ ਨਾਲ ਸਹਿਮਤੀ ਪ੍ਰਗਟ ਕੀਤੀ ਪਰ ਵਖਰੇ ਰੀਮਾਰਕਸ ਦਿੱਤੇ।

ਇਹ ਅਦਾਲਤੀ ਕਾਰਵਾਈ ਸਖਤ ਸੁਰੱਖਿਆ ਪ੍ਰਬੰਧਾਂ ਅਧੀਨ ਕੀਤੀ ਗਈ। ਸਤਵੰਤ ਸਿੰਘ ਦੇ ਕਿਹਰ ਸਿੰਘ ਪਾਸ ਹੁਣ ਕੇਵਲ ਰਾਸ਼ਟਰਪਤੀ ਪਾਸ ਰਹਿਮ ਦੀ ਅਪੀਲ ਕਰਨ ਦਾ ਰਾਹ ਬਾਕੀ ਰਹਿ ਗਿਆ ਹੈ। ਕਿਹਰ ਸਿੰਘ ਦੇ ਲੜਕੇ ਰਾਜਿੰਦਰ ਸਿੰਘ ਨੇ ਅਖਬਾਰੀ ਪ੍ਰਤੀਨਿਧਾਂ ਨੂੰ ਕਿਹਾ ਕਿ ਅਦਾਲਤੀ ਫੈਸਲੇ ਉਤੇ ਨਜ਼ਰਸਾਨੀ ਹੋਣੀ ਚਾਹੀਦੀ ਹੈ। ਜੇਕਰ ਅਜਿਹਾ ਨਹੀਂ ਤਾਂ ਅਸੀਂ ਰਾਸ਼ਟਰਪਤੀ ਪਾਸ ਰਹਿਮ ਦੀ ਅਪੀਲ ਕਰਾਂਗੇ।

## ਬਲਬੀਰ ਦੇ ਰਿਸ਼ਤੇਦਾਰਾਂ ਨੇ ਖੁਸ਼ੀਆਂ ਮਨਾਈਆਂ

ਸੁਪਰੀਮ ਕੋਰਟ ਦੇ ਫੈਸਲੇ ਨਾਲ ਬਲਬੀਰ ਸਿੰਘ ਦੇ ਬਰੀ ਹੋਣ ਉਤੇ ਬਲਬੀਰ ਸਿੰਘ ਦੇ ਸਾਕ ਸੰਬੰਧੀਆਂ ਨੇ ਅਦਾਲਤ ਤੋਂ ਬਾਹਰ ਆ ਕੇ ਖੁਸ਼ੀ ਦੇ ਨਾਅਰੇ ਲਾਏ। ਬਲਬੀਰ ਸਿੰਘ ਦੇ ਭਰਾ ਸਵਰਨ ਸਿੰਘ ਨੇ ਹੱਥ ਉਚਾ ਕਰਕੇ ਕਿਹਾ ਕਿ ਇਸ ਫੈਸਲੇ ਉਤੇ ਅਸੀਂ ਖੁਸ਼ ਹਾਂ — ਪੁਲਸ ਨੇ ਨਿਰਦੋਸ਼ ਬੰਦੇ ਨੂੰ ਫੜਿਆ ਸੀ ਪਰ ਹੁਣ ਅਦਾਲਤ ਨੇ ਉਸ ਨਾਲ ਇਨਸਾਫ ਕੀਤਾ ਹੈ।

# ਅਤਿਵਾਦੀ ਟੱਕਰ ਲੈ ਕੇ ਦੇਖ ਲੈਣ — ਨਿਹੰਗਾਂ ਦਾ ਚੈਲਿੰਜ

ਅੰਮ੍ਰਿਤਸਰ — ਤਰਨਾ ਦਲ ਦੇ ਮੁਖੀ ਨਿਹੰਗ ਬਾਬਾ ਅਜੀਤ ਸਿੰਘ ਨੇ ਪ੍ਰੈਸ ਕਾਨਫਰੰਸ ਵਿਚ ਦਹਿਸ਼ਤਗਰਦਾਂ ਨੂੰ ਚੈਲਿੰਜ ਕੀਤਾ ਕਿ ਜਿਥੇ ਚਾਹੁਣ ਉਥੇ ਆਹਮਣੇ ਸਾਹਮਣੇ ਹੋ ਕੇ ਨਿਹੰਗ ਸਿੰਘ ਨਾਲ ਟਕਰਾ ਕੇ ਜਲਵਾ ਦੇਖ ਲੈਣ ਉਹਨਾਂ ਕਿਹਾ ਕਿ ਨਿਹੰਗ ਸਿੰਘ ਦਹਿਸ਼ਤਗਰਦਾਂ ਨੂੰ ਅਜਿਹਾ ਸਬਕ ਸਿਖਾਉਣਗੇ ਜਿਸ ਨਾਲ ਇਹਨਾਂ ਨੂੰ ਲੋਕੀਂ ਲੁਕਣ ਵੀ ਨਹੀਂ ਦੇਣਗੇ। ਚੋਰੀ ਲੁਕ ਕੇ ਉਹ ਬੇਗੁਨਾਹ ਟੱਬਰਾਂ ਦਾ ਖਾਤਮਾ ਕਰਦੇ ਹਨ ਤੇ ਫਿਰ ਬਹਾਦਰ ਬਨਣ ਲਈ ਆਪ ਮੰਨ ਲੈਂਦੇ ਹਨ ਕਿ ਉਹਨਾਂ ਕਤਲ ਕੀਤੇ ਪਰ ਦੁਨੀਆਂ ਜਾਣਦੀ ਹੈ ਕਿ ਇਹ ਕਾਤਲ ਸਿੱਖ ਨਹੀਂ ਹੋ ਸਕਦੇ।

ਬਟਾਲੇ ਲਾਗੇ ਤਰਨਾ ਦਲ ਦੇ ਪੰਜ ਨਿਹੰਗ ਸਿੰਘਾਂ ਨੂੰ ਕਤਲ ਕੀਤੇ ਜਾਣ ਬਾਅਦ ਬਾਬਾ ਅਜੀਤ ਸਿੰਘ ਪ੍ਰੈਸ ਨੂੰ ਬਿਆਨ ਦੇ ਰਹੇ ਸਨ। ਸੁਖਦੇਵ ਸਿੰਘ ਝਾਮਕੇ ਵਲੋਂ ਇਹਨਾਂ ਕਤਲਾਂ ਦਾ ਇਕਬਾਲ ਕਰਨ ਅਤੇ ਨਿਹੰਗਾਂ ਨੂੰ ਚੈਲਿੰਜ ਕਰਨ ਦੇ ਜਵਾਬ ਵਿਚ ਉਹਨਾਂ ਕਿਹਾ ਕਿ ਥਾਂ ਤੇ ਤਰੀਕ ਖਾਲਿਸਤਾਨ ਕਮਾਂਡੋ ਫੋਰਸ ਵਾਲੇ ਦਸਣ। ਨਿਹੰਗ ਉਥੇ ਪਹੁੰਚਣਗੇ।

ਅਜੀਤ ਸਿੰਘ ਨੇ ਕਿਹਾ ਕਿ ਉਹ ਸੁਖਦੇਵ ਸਿੰਘ ਝਾਮਕਾ ਦੇ ਪਿੰਡ ਜਾ ਕੇ ਠਹਿਰਨਗੇ ਜੇ ਝਾਮਕੇ ਵਿਚ ਹਿੰਮਤ ਹੈ ਤਾਂ ਆਪਣੇ ਹੀ ਪਿੰਡ ਆ ਕੇ ਟੱਕਰ ਲੈ ਲਵੇ। ਹੁਣ ਤੱਕ ਦਹਿਸ਼ਤਗਰਦ ਲੁਕ ਛਿਪ ਕੇ 26 ਨਿਹੰਗ ਸਿੰਘਾਂ ਨੂੰ ਕਤਲ ਕਰ ਚੁਕੇ ਹਨ ਪਰ ਉਹ ਸਿੱਧੇ ਮੁਕਾਬਲੇ ਤੋਂ ਕਿਉਂ ਭਜਦੇ ਹਨ। ਇਸ ਸਮੇਂ 20 ਦਹਿਸ਼ਤਗਰਦਾਂ ਦੀਆਂ ਧੋਤੀਆਂ ਪੱਗਾਂ ਜੁਤੀਆਂ ਤੇ ਦੂਸਰਾ ਸਮਾਨ ਤਰਨਾ ਦਲ ਪਾਸ ਪਿਆ ਹੈ ਜੋ ਉਹ ਭਜਣ ਲਗੇ ਛੱਡ ਜਾਂਦੇ ਰਹੇ ਹਨ।

ਅਕਾਲੀ ਪਾਰਟੀ ਅਤੇ ਸਰਕਾਰ ਉਤੇ ਆਲੋਚਨਾ ਕਰਦੇ ਹੋਏ ਬਾਬਾ ਅਜੀਤ ਸਿੰਘ ਨੇ ਕਿਹਾ ਕਿ ਇਹਨਾਂ ਦੋਵਾਂ ਧਿਰਾਂ ਨੇ ਨਿਹੰਗ ਸਿੰਘ ਦੀ ਨਾ ਮੱਦਦ ਕੀਤੀ ਹੈ ਤੇ ਨਾ ਹੀ ਬਾਤ ਪੁਛੀ ਹੈ। ਇਥੋਂ ਤੱਕ ਕਿ ਪੰਜ ਸ਼ਹੀਦ ਨਿਹੰਗ ਸਿੰਘਾਂ ਦੇ ਅੰਤਮ ਸਸਕਾਰ ਸਮੇਂ ਵੀ ਕੋਈ ਲੀਡਰ ਸਾਡੇ ਘਰ ਨਹੀਂ ਢੁੱਕਾ।

# ਸਈਅਦ ਮੋਦੀ ਦੀ ਗੋਲੀਆਂ ਮਾਰ ਕੇ ਹੱਤਿਆ

ਲਖਨਊ — ਭਾਰਤ ਦੇ ਸੀਨੀਅਰ ਬੈਡਮਿੰਟਨ ਖਿਡਾਰੀ ਸਈਅਦ ਮੋਦੀ ਨੂੰ ਇਥੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਉਹਨਾਂ ਨੂੰ ਇਥੋਂ ਦੇ ਕੇ ਡੀ ਸਿੰਘ ਬਾਬੂ ਸਟੇਡੀਅਮ ਦੇ ਨੇੜੇ ਕੁਝ ਲੋਕਾਂ ਨੇ ਗੋਲੀਆਂ ਮਾਰੀਆਂ। ਉਹਨਾਂ ਨੂੰ ਤੁਰੰਤ ਹੀ ਮੈਡੀਕਲ ਕਾਲਜ ਪਹੁੰਚਾਇਆ ਗਿਆ ਜਿਥੇ ਉਹਨਾਂ ਦੀ ਮੌਤ ਹੋ ਗਈ। ਪੁਲਸ ਅਨੁਸਾਰ ਇਕ ਮਾਰੂਤੀ ਕਾਰ ਵਿਚ ਛੇ ਸੱਤ ਵਿਅਕਤੀ ਆਏ ਜਿਹਨਾਂ ਨੇ ਸ੍ਰੀ ਸਈਅਦ ਮੋਦੀ ਨੂੰ ਦੇਖਦੇ ਹੀ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ।

Western Economic Diversification Canada

ਤੁਹਾਡੇ ਅਤੇ ਤੁਹਾਡੀ ਕਮਿਊਨਿਟੀ ਨਾਲ ਮਿਲ ਕੇ ਉਤਸ਼ਾਹ ਨਾਲ ਕੰਮ ਕਰਕੇ:

ਨਵੀਆਂ ਵਸਤਾਂ

ਨਵੀਂ ਤਕਨਾਲੋਜੀ

ਨਵੀਆਂ ਮੰਡੀਆਂ

ਉਤਪਾਦਨ 'ਚ ਵਾਧਾ

ਬਾਹਰੀ ਵਸਤਾਂ ਦੇ ਬਦਲ

ਪੱਛਮੀ ਕੈਨੇਡਾ ਵਾਸਤੇ

ਆਦਰਨੀਯ ਬਿੱਲ ਮੈਕਨਾਈਟ, ਮਨਿਸਟਰ

ਜਾਣਕਾਰੀ ਲਈ ਫੋਨ ਕਰੋ :

Edmonton (403) 495-4164 Winnipeg (204) 983-4472
Saskatoon (306) 975-4373 Vancouver (604) 666-6256

Canada

ਕਰਤਾਰ ਫੋਟੋ ਸਟੂਡੀਓ

1 HOUR PHOTO SERVICE
KARTAR PHOTO STUDIO
4279 - Fraser St. (27th Ave.)
Vancouver, B.C.

We Do Passport, 5 Mins. Service, Portrait Photos & Weddings

Off; 872-6060



FREE!! FREE!!!
1-5×7 STUDIO PORTRAIT
$15.00 Value– Free with this Coupon
With any Photo

NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1
Bus. 685-9335
Res. 522-7167

# GLOBAL IMMIGRATION SERVICES



For Further Consultation Contact

**KARNAIL SINGH NAGRA**

11420 GRANVILLE AVE. RICHMOND. B.C.

PH. (604) 270-2100

WE ARE PROVIDING ALL IMMIGRATION SERVICES.

## ਇਮੀਗਰੇਸ਼ਨ ਸਬੰਧੀ ਹਰ ਮਸਲੇ ਲਈ ਤੁਹਾਡੀ ਸੇਵਾ ਕਰ ਸਕਦੇ ਹਾਂ

### ਹੇਠ ਲਿਖੀਆਂ ਲੋੜਾਂ ਲਈ ਪਹਿਲੀ ਵਾਰ ਮੁਫ਼ਤ ਸਲਾਹ ਲਈ ਮਿਲੋ

- ਬਿਜ਼ਨੈਸ ਤੌਰ ਤੇ ਕੈਨੇਡਾ ਜਾਂ ਅਮਰੀਕਾ ਵਿਚ ਇਮੀਗਰੇਸ਼ਨ ਲੈਣ ਲਈ
- ਬਿਜ਼ਨੈੱਸ ਦੇ ਅਧਾਰ 'ਤੇ,ਸਾਰੇ ਪ੍ਰੀਵਾਰ ਦੀ ਇਮੀਗਰੇਸ਼ਨ ਜਾਂ ਨੌਕਰੀ ਲਈ ਮੰਗਵਾਉਣਾ ਹੋਵੇ।
- ਤੁਹਾਡੇ ਕਿਸੇ ਰਿਸ਼ਤੇਦਾਰ ਨੂੰ ਕਿਸੇ ਮੁਲਕ ਵਿਚੋਂ ਵੀ ਮੰਗਵਾਉਣਾ ਹੋਵੇ
- ਰੀਫਿਊਜੀ ਸਟੇਟਸ ਵਾਸਤੇ ਕਿਸੇ ਦੀ ਦਰਖਾਸਤ ਜਾਂ ਅਪੀਲ ਕਰਨੀ ਹੋਵੇ।
- ਫਾਰਮ ਇਨਵੈਸਟਮੈਂਟ ਕਰਨ ਵਾਲਿਆਂ ਲਈ ਇਮੀਗਰੇਸ਼ਨ ਦੀ ਵਿਸ਼ੇਸ਼ ਸਲਾਹ

ਇਸ ਤੋਂ ਇਲਾਵਾ ਹੋਰ ਵੀ ਕੋਈ ਇਮੀਗਰੇਸ਼ਨ ਸਬੰਧੀ ਮਾਮਲਿਆਂ ਲਈ ਮਦਦ ਕਰ ਸਕਦੇ ਹਾਂ

- Business Immigration (Investors, Enterpreneurs, self employed)
- Family Business Immigration (Job offers to relatives)
- Family & Assisted relatives
- Application for refugee status
- For adoption.
- Foreign domestic workers.
- Special Consideration in farming.

Any other matter regarding Immigration.

# Success Through Service & Experience

**AWARD WINNER**

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**

Without any obligation, contact

Buying, Selling or Trading

ਮਕਾਨ ਵੇਚਣ ਜਾਂ ਖ੍ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**

## UNITED REALTY LTD.

2443 Kingsway, Vancouver, B.C. V5R 5G8



Ajaib S. Janda

# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫ਼ੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖ਼ਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



Bhupinder(Bob) Sihota



For further information call:

**Bhupinder(Bob) Sihota**

**Ph. 433-1207**

**Mint Auto Body Ltd.**

5590 Lane Street, BURNABY, B.C. V5H 2H5



# ਵੈਨਕੂਵਰ ਵਿਚ ਇੱਕੀ ਦਿਨ

## ਕਿਸ਼ਤ ਪਹਿਲੀ

## 20 ਮਈ, 1988 ਤੋਂ 10 ਜੂਨ ਤੀਕ (ਡਾਇਰੀ ਤੇ ਟਿੱਪਣੀਆਂ)

—ਰਘੁਬੀਰ ਢੰਡ

- ਉਠ ਕਰ ਤੋ ਆ ਗਏ ਹੈਂ ਤਿਰੀ ਬਜ਼ਮ ਸੇ ਮਗਰ
ਕੁਛ ਦਿਲ ਹੀ ਜਾਨਤਾ ਹੈ ਕਿ ਕਿਸ ਦਿਲ ਸੇ ਆਏ ਹੈਂ - ਫੈਜ਼

ਮੈਂ ਤੇ ਮੇਰੀ ਪਤਨੀ ਪ੍ਰਕਾਸ਼ 20 ਮਈ, 1988 ਨੂੰ ਕੈਨੇਡਾ ਗਏ ਸਾਂ। ਕੇਹਾ ਖੁਸ਼ਨਸੀਬ ਮੌਕਾਮੇਲ ਸੀ ਕਿ ਉਸ ਦਿਨ ਸਾਡੇ ਵਿਆਹ ਦੀ ਬੱਤੀਵੀਂ ਵਰ੍ਹੇਗੰਢ ਸੀ ਮਾਨਚੈਸਟਰ ਤੋਂ ਵੈਨਕੂਵਰ ਤੀਕ, ਵਾਰਡੇਅਰ ਵਰਗੀ ਸ਼ਾਨਦਾਰ ਉਡਾਣ ਵਿਚ ਉਡਦਿਆਂ, ਅਸੀਂ ਆਪਣੀ ਵਿਆਹੁਤਾ ਜ਼ਿੰਦਗੀ ਦੀਆਂ ਸਫਲਤਾਵਾਂ-ਅਸਫਲਤਾਵਾਂ, ਗ਼ਲਤਾਂ-ਠੀਕਾਂ ਅਤੇ ਖੂਬਸੂਰਤ ਭਵਿਖ ਵਿਚ ਅਟੱਲ ਵਿਸ਼ਵਾਸ ਦੀਆਂ ਬਾਤਾਂ ਪਾਉਂਦੇ, ਘੰਟੇ ਕੁ ਲਈ ਕੈਲਗਰੀ ਉਤਰੇ ਅਤੇ ਦਿਨ ਦੇ ਢਾਈ ਵਜੇ ਵੈਨਕੂਵਰ ਦੇ ਹਵਾਈ ਅੱਡੇ 'ਤੇ ਪਹੁੰਚ ਗਏ। ਅਠਾਰਾਂ ਦਿਨ ਵੈਨਕੂਵਰ, ਇੱਕ ਦਿਨ ਵਿਕਟੋਰੀਆ ਅਤੇ ਦੋ ਦਿਨ ਪੈਨਟਿਕਟਨ ਵਿਚ ਬਿਤਾਏ, ਜਿਹਨਾਂ ਵਿਚੋਂ ਹਰ ਦਿਨ ਹੀ ਯਾਦਗਾਰੀ ਦਿਨ ਸੀ। ਪਿਆਰ ਤੇ ਸਤਿਕਾਰ ਦੀਆਂ ਦਾਤਾਂ ਮਿਲੀਆਂ। ਤਰ੍ਹਾਂ-ਤਰ੍ਹਾਂ ਦੇ ਮੀਟਾਂ, ਪੀਤਸਿਆਂ ਤੇ ਡੇਇਰੀ ਕੁਈਨ ਦੇ ਮਿਲਕਸ਼ੇਕਾਂ, ਲੱਡੂਆਂ ਤੇ ਮਿੱਠੇ ਚੌਲਾਂ ਦਾ ਉਹ ਅਟੁੱਟ ਲੰਗਰ ਵਰਤਿਆ ਕਿ ਮੇਰੀ ਗੋਗੜ ਦੋ ਇੰਚ ਹੋਰ ਫੈਲ ਗਈ। ਡਰਦਾ ਰਿਹਾ ਕਿ ਸਾਡੀ ਨੂੰਹ-ਰਾਣੀ ਮੀਨਾ ਨੇ ਫਿਕਰ-ਲੱਦਿਆ ਗੁੱਸਾ ਕਰਨਾ ਹੈ: "ਡੈਡੀ, ਤੁਸੀਂ ਖਾਣੋ ਨੀ ਹਟਦੇ। ਤੁਹਾਨੂੰ ਹਾਰਟ ਅਟੈਕ ਹੋ ਜਾਣਾ ਹੈ।" ਅਤੇ ਸਾਡੀ ਧੀ ਅੰਜੁਮ ਨੇ ਮੈਨੂੰ "ਮੋਟੂ ਰਾਮ-ਮੋਟੂ ਰਾਮ" ਆਖ ਛੇੜਨਾ ਹੈ।

ਦਿਲ ਤਾਂ ਨਹੀਂ ਕਰਦਾ ਸੀ, ਪਰ ਅਜਿਹੀ ਬਜ਼ਮ ਵਿਚੋਂ ਉਠ ਕੇ ਆਉਣਾ ਤਾਂ ਪੈਂਦਾ ਹੀ ਹੈ ਨਾ। ਦਿਲ ਦੇ ਆਖੇ ਲਗਿਆਂ ਤਾਂ ਜ਼ਿੰਦਗੀ ਵਿਚ ਕੋਈ ਜ਼ਬਤ ਹੀ ਨਾ ਰਹੇ ਅਤੇ ਬਾਜ਼ਾਬਤਾ ਜ਼ਿੰਦਗੀ ਤੋਂ ਬਿਨਾਂ ਵਸਤਾਂ ਬਣਾਈਆਂ ਤਾਂ ਜਾ ਸਕਦੀਆਂ ਹਨ, ਸਿਰਜੀਆਂ ਨਹੀਂ ਜਾ ਸਕਦੀਆਂ ਤੇ ਸਿਰਜਣਾ ਹੀ ਵਿਕਾਸ ਦੀ ਜੜ ਹੈ।

## ਦੋ ਬੇਨਤੀਆਂ

ਸਭ ਤੋਂ ਪਹਿਲਾਂ ਇਹ ਬੇਨਤੀ ਕਰਨੀ ਚਾਹਾਂਗਾ ਕਿ ਇੱਕੀ ਦਿਨਾਂ ਵਿਚ ਪਹਿਲੀ ਵਾਰ ਵੇਖੇ-ਵਰਤੇ ਬੰਦੇ ਤੇ ਵਸਤਾਂ, ਪੇਤਲਾ ਤੇ ਓਪਰਾ ਜਿਹਾ ਪ੍ਰਭਾਵ ਹੀ ਪਾ ਸਕਦੇ ਹਨ। ਹੋ ਸਕਦਾ ਹੈ ਕਿ ਭਿੰਨ-ਭਿੰਨ ਪ੍ਰਕਾਰ ਦੇ ਬੰਦਿਆਂ ਤੇ ਵਸਤਾਂ ਬਾਰੇ ਦਰਸਾਏ ਮੇਰੇ ਪ੍ਰਭਾਵ ਉਹਨਾਂ ਦੇ ਅਸਲੀ ਰੂਪ ਨਾਲੋਂ ਵੱਖਰੇ ਤੇ ਗ਼ਲਤ ਹੋਣ। ਪਹਿਲੀਆਂ ਅਤੇ ਰਿਵਾਜੀ ਮਿਲਣੀਆਂ ਸਮੇਂ ਇਨਸਾਨ ਦੇ ਨਾਂਹ-ਪੱਖੀ ਪਹਿਲੂ ਉਜਾਗਰ ਹੋਣੋ ਬਹੁਤ ਕਠਨ ਹੁੰਦੇ ਹਨ। ਨਾਲੇ ਇਨਸਾਨ ਪਸ਼ੂ ਜਾਂ ਬੱਚੇ ਵਾਂਗ ਸਿੱਧੀ-ਪੱਧਰੀ ਵਸਤ ਨਹੀਂ ਬਲਕਿ ਬੜੀ ਗੁੰਝਲਦਾਰ ਸ਼ੈਅ ਹੈ। ਜਿਥੇ ਜਾਦੂ ਕਰਦਾ ਹੈ, ਉਥੇ ਕਰਤੂਤਾਂ ਵੀ ਕਰਦਾ ਹੈ ਤੇ ਕਰਤੂਤਾਂ ਵੀ ਹੈਰਾਨ ਕਰ ਦੇਣ ਵਾਲੀਆਂ। ਕਿਸ ਨੂੰ ਪਤਾ ਸੀ ਕਿ ਮਾਰਕਸਵਾਦੀ ਜਸਵੰਤ ਸਿੰਘ ਕੰਵਲ ਮਜ਼ਹਬੀ ਅਤਿਵਾਦ-ਵਖਵਾਦ-ਮੂਲਵਾਦ ਦੀ ਨੁਮਾਇੰਦਗੀ ਵੀ ਕਰ ਸਕਦਾ ਹੈ ਅਤੇ ਉਹ ਵੀ ਸਾਧ-ਭਾਸ਼ਾ ਵਿਚ? ਕਿ ਮਾਰਕਸਵਾਦੀ ਚਿੰਤਕ ਸੰਤ ਸਿੰਘ ਸੇਖੋਂ ਫਿਰਕੂ ਜ਼ਹਿਰ ਵਿਰੁਧ ਮਾਰਕਸਵਾਦੀ ਵਿਚਾਰਧਾਰਾ ਦਾ ਅੰਮ੍ਰਿਤ ਤ੍ਰੌਕਣ ਦੀ ਥਾਂ, ਉਸੇ ਜ਼ਹਿਰ ਵਿਚ ਅੰਮ੍ਰਿਤ ਘੋਲਣ ਦਾ ਅਸਫਲ ਯਤਨ ਕਰਦਾ-ਕਰਦਾ, ਪ੍ਰਗਤੀਵਾਦੀ ਕਬੀਲੇ ਵਿਚੋਂ ਛੇਕਿਆ ਜਾਵੇਗਾ, ਅਤੇ ਤ੍ਰੈਮਾਸਿਕ ਸਿਰਜਣਾ ਵਿਚ ਨਿਗਰਾਨ ਸੰਤ ਸਿੰਘ ਸੇਖੋਂ ਦਾ ਨਾਂ ਇੰਜ ਜਾਪਣ ਲੱਗੇਗਾ ਜਿਵੇਂ ਯੂਰਪ ਦੇ ਫਲਸਫੇ ਨਾਲ ਮਹੰਤ ਬਰਕਲੇ ਦਾ ਨਾਂ ਟੰਗਿਆ ਹੋਇਆ ਹੈ, ਜਾਂ ਜੋਬਨਮਾਤੀ ਫਸਲ ਵਿਚ ਕੋਈ ਮਨੁੱਖੀ ਡਰਨਾ ਗੱਡਿਆ ਹੋਇਆ ਹੁੰਦਾ ਹੈ? ਸ਼ਾਹਦੀ ਤਾਂ ਸਿਰਫ ਉਹਨਾਂ ਦੀ ਹੀ ਦੇ ਸਕਦੇ ਹਾਂ ਜਿਹੜੇ ਅੰਦਰੋਂ ਬਾਹਰੋਂ ਇਕ ਹਨ ਅਤੇ ਮਰਦੇ-ਦਮ ਤੀਕ ਆਪਣੇ ਅਸੂਲਾਂ 'ਤੇ ਅਟੱਲ ਰਹਿਣਗੇ। ਮੈਂ ਆਪਣੇ-ਆਪ ਨੂੰ ਇਸੇ ਕਬੀਲੇ ਦਾ ਇਕ ਨਿਰਮਾਣ ਜਿਹਾ ਜੀਵ ਸਮਝਦਾ ਹਾਂ ਅਤੇ ਮੈਂ ਸਿਰਫ ਇਹਨਾਂ ਦੀ ਹੀ ਜ਼ਾਮਨੀ ਦੇ ਸਕਦਾ ਹਾਂ। ਅਜਿਹੀ ਜ਼ਾਮਨੀ ਲਈ ਵਰ੍ਹਿਆਂ-ਬੱਧੀ ਵਰਤ-ਵਰਤਾਵਾ ਜ਼ਰੂਰੀ ਹੁੰਦਾ ਹੈ।

ਦੂਜੀ, ਮੈਂ ਸਾਰਾ ਸਮਾਂ ਗੁਰਨਾਮ ਸਿੰਘ ਸੰਘੇੜਾ ਕੋਲ ਹੀ ਠਹਿਰਿਆ ਸਾਂ ਅਤੇ ਉਹ ਹਰ ਸਮੇਂ ਮੇਰੇ ਨਾਲ ਹੀ ਰਹਿੰਦੇ ਸਨ। ਮੈਂ ਕੋਸ਼ਿਸ਼ ਤਾਂ ਇਹੀ ਕੀਤੀ ਸੀ, ਉਹਨਾਂ ਨੂੰ ਆਖ ਵੀ ਦਿੱਤਾ ਸੀ, ਕਿ ਮੈਂ ਆਪਣੀ ਮਰਜ਼ੀ ਨਾਲ ਜਿਸ ਨੂੰ ਮਰਜ਼ੀ ਏ ਮਿਲਾਂਗਾ ਅਤੇ ਆਪਣੀ ਆਜ਼ਾਦ ਰਾਇ ਬਣਾਵਾਂਗਾ। ਗੁਰਨਾਮ ਨੇ ਨਾ ਤਾਂ ਮੇਰੇ ਰਾਹ ਵਿਚ ਕੋਈ ਰੁਕਾਵਟ ਖੜ੍ਹੀ ਕੀਤੀ ਅਤੇ ਨਾ ਹੀ ਆਪਣੀ ਕੋਈ ਰਾਇ ਮੇਰੇ ਉਤੇ ਮੜ੍ਹੀ, ਬਲਕਿ ਪੂਰੇ ਇੱਕੀ ਦਿਨ ਆਪਣੇ ਸਾਰੇ ਕੰਮ ਛੱਡ, ਸਾਨੂੰ ਥਾਂ-ਥਾਂ ਲਈ ਫਿਰਦੇ ਰਹੇ। ਫਿਰ ਵੀ ਮੈਂ ਮਹਿਸੂਸ ਕਰਦਾ ਹਾਂ ਕਿ ਸਾਨੂੰ ਦੋ-ਦੋ, ਚਾਰ-ਚਾਰ ਦਿਨ ਵਖਰੇ-ਵਖਰੇ ਘਰਾਂ ਵਿਚ ਰਹਿਣਾ ਚਾਹੀਦਾ ਸੀ ਤਾਂ ਕਿ ਮੈਂ ਵੈਨਕੂਵਰ ਦੀ ਜ਼ਿੰਦਗੀ ਨੂੰ ਭਿੰਨ-ਭਿੰਨ ਜ਼ਾਵੀਆਂ ਤੋਂ ਹੋਰ ਗਹਿਰਾਈ ਨਾਲ ਵੇਖ ਸਕਦਾ। ਉਂਜ ਵੀ ਲੇਖਕ, ਸਾਧੂ ਤੇ ਗੁਰੀਲੇ ਨੂੰ ਬਹੁਤਾ ਚਿਰ ਇਕ ਥਾਂ ਨਹੀਂ ਟਿਕਣਾ ਚਾਹੀਦਾ। ਇਹ ਵਹਿਣ ਵਾਲੇ ਜੀਵ ਹਨ ਤੇ ਚਲਦੇ ਹੀ ਭਲੇ ਲਗਦੇ ਹਨ।

## ਤਿਆਰੀ

ਮੈਂ ਪਿਛਲੇ ਸਾਲ, ਅਗਸਤ 1987, ਕੈਨੇਡਾ ਜਾਣਾ ਸੀ। ਇਸ ਦੇ ਕਈ ਕਾਰਣ ਸਨ। ਇੱਕ, ਮੈਂ ਚੌਵੀ ਘੰਟੇ ਘਰ ਦੇ ਅੰਦਰ ਹੀ ਰਹਿੰਦਾ ਹਾਂ। ਮੇਰੀ ਬੀਮਾਰੀ ਵਾਲੇ ਨੂੰ ਸਾਲ ਵਿੱਚ ਇੱਕ-ਅੱਧ ਵਾਰ ਇੰਗਲੈਂਡ ਦੀ ਸਿੱਲ੍ਹੀ, ਠੰਢੀ ਤੇ ਧੁਆਂਹਾਰ ਪੌਣ ਤੋਂ ਪਰੇ ਜਾਣਾ ਜ਼ਰੂਰੀ ਹੈ। ਇਸ ਲਈ ਮੈਂ ਅਕਸਰ ਇੰਡੀਆ ਚਲਿਆ



ਜਾਂਦਾ ਹਾਂ। ਇਸ ਵਾਰ ਇੰਜ ਕਰਨਾ ਸੰਭਵ ਨਹੀਂ ਸੀ ਕਿਉਂਕਿ ਪੰਜਾਬ ਦੇ ਹਾਲਾਤ ਗਰਕੇ ਪਏ ਸਨ ਤੇ ਪ੍ਰਗਤੀਵਾਦੀ ਲੇਖਕ ਗਰਕਾਉਣ ਵਾਲਿਆਂ ਦੀਆਂ "ਚੰਗੀਆਂ ਕਿਤਾਬਾਂ" ਵਿਚ ਨਹੀਂ ਹਨ। ਇਹ ਵੀ ਸੋਚਿਆ ਕਿ ਜੇ ਪੰਜਾਬ ਵਿਚ ਡਰ-ਡਰ ਕੇ ਹੀ ਵਿਚਰਨਾ ਹੈ, ਫਿਰ ਇੰਨਾ ਧਨ ਖਰਚਣ ਦਾ ਕੀ ਅਰਥ ਹੈ? ਦੂਜਾ, ਮੇਰਾ ਅਮੀਰ ਡਾਕਟਰ ਭਤੀਜਾ ਲੌਸ ਐਂਜਿਲਸ ਵਿਚ ਰਹਿੰਦਾ ਹੈ। ਮੈਂ ਸੋਚਿਆ ਕਿ ਇਕ ਪੰਥ ਦੋ ਕਾਜ ਵਾਲਾ ਕੰਮ ਕਰਦੇ ਹਾਂ। ਲੌਸ ਐਂਜਿਲਸ ਤੇ ਵੈਨਕੂਵਰ ਦੋਵੇਂ ਥਾਂ ਜਾ ਆਵਾਂਗੇ। ਤੀਜਾ, ਸਾਡੇ ਪਰਿਵਾਰਕ ਮਿੱਤਰ ਗੁਰਨਾਮ ਸਿੰਘ ਸੰਘੇੜਾ ਤੇ ਬੀਬੀ ਹਰਮਿੰਦਰ ਕੌਰ ਦੇ ਇਕਲੌਤੇ ਪੁੱਤਰ ਅਮਨਦੀਪ ਦਾ ਵਿਆਹ ਸੀ। ਉਹਨਾਂ ਦੀ ਦਿਲੀ ਖਾਹਿਸ਼ ਸੀ ਕਿ ਅਸੀਂ ਜ਼ਰੂਰ ਆਈਏ; ਬਲਕਿ ਉਹਨਾਂ ਨੇ ਪਾਰਟੀ ਦੇ ਸਮੇਂ ਮੇਰੀ ਸਟੇਜ ਸੈਕਟਰੀ ਵਜੋਂ ਡਿਊਟੀ ਨਿਯਤ ਵੀ ਕਰ ਦਿੱਤੀ ਸੀ। ਚੌਥਾ, ਪੰਜਾਬੀ ਲੇਖਕ ਮੰਚ ਵੈਨਕੂਵਰ ਨਾਮੀ ਲੇਖਕ ਜਥੇਬੰਦੀ ਨੇ ਕੈਨੇਡਾ ਪੱਧਰ ਦੀ ਕਾਨਫਰੰਸ ਰੱਖ ਲਈ ਸੀ ਤੇ ਮੈਨੂੰ ਬੜੇ ਮੋਹ ਨਾਲ ਸ਼ਾਮਲ ਹੋਣ ਲਈ ਬੁਲਾਇਆ ਸੀ।

ਮੇਰਾ ਪ੍ਰੋਗਰਾਮ ਨੇਪਰੇ ਨਾ ਚੜ੍ਹ ਸਕਿਆ। ਸਾਡੇ ਲੜਕੇ ਰਾਜੀਵ ਤੇ ਨੂੰਹ-ਰਾਣੀ ਮੀਨਾ ਨੇ ਲੌਸ ਐਂਜਿਲਸ ਛੁੱਟੀਆਂ ਕੱਟ ਕੇ ਮੁੜਿਆਂ ਨੇ ਆਪਣੇ ਨਾਖ਼ੁਸ਼ਗਵਾਰ ਪ੍ਰਭਾਵ ਦਸਦਿਆਂ ਆਖਿਆ: " ਡੈਡੀ, ਨਾ ਜਾਵੋ। ਬੋਰ ਹੋ ਜਾਵੋਂਗੇ। ਘਰ ਦੇ ਅੰਦਰ ਇਕ ਘੁਟਣ ਵਿਚ ਰਹਿਣਾ ਪਵੇਗਾ। ਏਡੇ ਲੰਮੇ ਸਫਰ ਵਿਚ ਬੀਮਾਰ ਤਾਂ ਜ਼ਰੂਰ ਹੀ ਹੋ ਜਾਵੋਗੇ। ਹਜ਼ਾਰਾਂ ਪੌਂਡ ਖਰਚ ਕੇ ਜੇ ਆਨੰਦ ਨਾ ਮਾਣਿਆ ਤਾਂ ਜਾਣ ਦਾ ਕੀ ਫਾਇਦਾ ਹੈ। ਦੂਰ ਦੇ ਢੋਲ ਹੀ ਸੁਹਾਵਣੇ ਹੁੰਦੇ ਨੇ। ਤੁਹਾਨੂੰ ਕਿਸੇ ਨੇ ਘੁਮਾਉਣ ਫਿਰਾਉਣ ਲੈ ਕੇ ਨਹੀਂ ਜਾਣਾ।"

ਨਵੀਂ ਨਸਲ ਨੂੰ ਮੈਂ ਆਪਣੀ ਸੈਮੀ-ਫਿਊਡਲ ਤੇ ਜਜ਼ਬਾਤੀ ਨਸਲ ਨਾਲੋਂ ਅਸਲੀਅਤ ਦੇ ਜ਼ਿਆਦਾ ਨੇੜੇ ਸਮਝਦਾ ਹਾਂ। ਇਸ ਲਈ ਜਾਣ ਦਾ ਇਰਾਦਾ ਤਰਕ ਕਰ ਦਿੱਤਾ। ਮੈਂ ਸੋਚਿਆ, ਉਹ ਜਾਣੇ ਇੰਡੀਆ ਹੀ ਜਾ ਆਵਾਂਗਾ। ਇੰਡੀਆ ਦਾ ਪ੍ਰੋਗਰਾਮ ਬਣਨ ਦੇ ਆਸਾਰ ਵੀ ਨਜ਼ਰ ਆ ਗਏ। ਕਿੰਗਜ਼ ਕਾਲਜ ਲੰਡਨ ਵਿਚ ਐਮ. ਬੀ. ਬੀ. ਐਸ. ਕਰ ਰਹੀ ਸਾਡੀ ਧੀ ਨੇ ਪੰਜ-ਛੇ ਹਫਤਿਆਂ ਲਈ ਪੀ. ਜੀ. ਆਈ. ਚੰਡੀਗੜ੍ਹ ਵਿਚ ਇਲੈਕਟਿਵ ਕਰਨੀ ਸੀ। ਉਹ ਜਾਂ ਤਾਂ ਇਕੱਲੀ ਵੀ ਸਕਦੀ ਸੀ, ਪਰ ਆਖਣ ਲੱਗੀ: "ਦੇਸ਼ ਤਾਂ ਮੇਰਾ ਹੀ ਹੈ। ਪਿਆਰਾ ਵੀ ਹੈ, ਪਰ ਸੇਫ ਕਦੀ ਨਹੀਂ ਲੱਗਿਆ। ਮੰਮੀ ਮੇਰੇ ਨਾਲ ਜਾਵੇ। ਤੁਸੀਂ ਡੈਡੀ ਜੀ, ਕਿਰਪਾ ਕਰਕੇ ਨਾ ਜਾਣਾ। ਪੰਜਾਬ ਦੇ ਹਾਲਾਤ ਅਜਿਹੇ ਹਨ ਕਿ ਤੁਹਾਡੇ ਸਾਥ ਨਾਲ ਅਸੀਂ ਹੋਰ ਵੀ ਅਨਸੇਫ ਹੋ ਜਾਵਾਂਗੇ।"

- ਪਰ ਅੰਜੁਮ! ਮੈਂ ਤਾਂ ਤੇਰੀ ਮੰਮੀ ਬਿਨਾਂ ਰਹਿ ਹੀ ਨਹੀਂ ਸਕਦਾ। ... ਮੈਂ ਜਿਰਾਹ ਕੀਤੀ।

— ਪਰ ਜੇ "ਤੁਹਾਡੇ ਚੀਨ" ਦੀ ਬਣੀ ਏ ਕੇ-47 ਨਾਲ ਤੁਹਾਨੂੰ ਸੱਚੇ ਪਾਦਸ਼ਾਹ ਕੋਲ ਪੁਚਾ ਦਿੱਤਾ, ਫਿਰ ਮੰਮੀ ਨੂੰ ਸਾਰੀ ਉਮਰ ਹੀ ਇਕੱਲਿਆਂ ਰਹਿਣਾ ਪਵੇਗਾ। ਉਹਦੇ ਨਾਲੋਂ ਤਾਂ ਛੇ ਹਫਤਿਆਂ ਦਾ ਵਿਜੋਗ ਜ਼ਿਆਦਾ ਠੀਕ ਰਹੇਗਾ।

ਅੰਜੁਮ ਨੇ "ਤੁਹਾਡੇ ਚੀਨ" ਉਤੇ ਜ਼ਰਾ ਵਧੇਰੇ ਹੀ ਜ਼ੋਰ ਦਿੱਤਾ। ਮੈਨੂੰ ਛੇੜਨ ਲਈ ਜਾਂ ਸ਼ਾਇਦ ਯਾਦ ਕਰਵਾਉਣ ਲਈ ਕਿ ਮਾਓ ਦੇ ਸਮੇਂ ਤੁਸੀਂ ਅਜਿਹੇ ਗਪੌੜੇ ਮਾਰਦੇ ਸੀ ਕਿ ਨਸਲਾਂ ਦੀਆਂ ਨਸਲਾਂ ਵੀ ਤੁਹਾਡਾ ਮਖੌਲ ਉਡਾਉਂਦੀਆਂ ਰਹਿਣਗੀਆਂ।

ਖੈਰ, ਮੈਂ ਆਪਣੀ ਲੜਕੀ ਦੀ ਸਲਾਹ ਵੀ ਮੰਨ ਲਈ। ਇਹ ਵੀ ਤਾਂ ਨਵੀਂ ਨਸਲ ਸੀ ਅਤੇ ਅਸਲੀਅਤਪ੍ਰਸਤ ਵੀ, ਜਿਹੜੀ ਸਾਡੇ ਵਾਂਗ ਕਦੀ ਨਹੀਂ ਸੀ ਕਹਿ ਸਕਦੀ ਕਿ ਚੀਨ ਵਿਚ ਚੌਲਾਂ ਦੇ ਬੂਟੇ ਏਨੇ ਮਜ਼ਬੂਤ ਹੁੰਦੇ ਹਨ ਕਿ ਨਿਆਣੇ ਉਹਨਾਂ ਉਤੇ ਚੜ੍ਹ ਡੰਡਾ-ਡੁੱਕ ਖੇਡਦੇ ਹਨ।

ਭਾਰਤ ਤਾਂ ਨਾ ਜਾ ਸਕਿਆ, ਪਰ ਇਕ ਦਿਨ ਵੈਨਕੂਵਰ ਤੋਂ ਸ਼੍ਰੀ ਦਰਸ਼ਨ ਗਿੱਲ (ਮਾਲਕ-ਸੰਪਾਦਕ) ਦਾ ਘਲਾਇਆ "ਕੈਨੇਡਾ ਦਰਪਣ" ਪਰਚਾ ਡਾਕ ਵਿਚ ਆਇਆ। ਸ਼ਾਨਦਾਰ ਮੁਹਾਂਦਰਾ, ਉਤਮ ਛਪਾਈ, ਠੋਸ ਮੈਟਰ ਤੇ ਅਗਾਂਹਵਧੂ ਵਿਚਾਰਾਂ ਵਾਲਾ ਪਰਚਾ! ਖੋਲ੍ਹਿਆ ਤਾਂ ਇਕ ਚਿੱਠੀ ਹੇਠਾਂ ਡਿਗ ਪਈ। ਚੁੱਕੀ ਤੇ ਪੜ੍ਹੀ:

ਇੰਟਰਨੈਸ਼ਨਲ ਪੰਜਾਬੀ ਟ੍ਰਸਟ (ਕੈਨੇਡਾ)

ਜਨਰਲ ਸਕੱਤਰ — ਚੇਅਰਮੈਨ
ਦਰਸ਼ਨ ਗਿੱਲ — ਗੁਰਚਰਨ ਰਾਮਪੁਰੀ

ਪਿਆਰੇ ਰਘੁਬੀਰ,

ਆਦਾਬ!

"ਕੈਨੇਡਾ ਦਰਪਣ" ਲਈ ਰਚਨਾਵਾਂ ਭੇਜਣ ਦਾ ਤੁਹਾਡਾ ਬਹੁਤ ਬਹੁਤ ਧੰਨਵਾਦ। ਸਾਡੇ ਕੈਨੇਡੀਅਨ ਪਾਠਕ ਬੜੀ ਦਿਲਚਸਪੀ ਨਾਲ ਪੜ੍ਹਦੇ ਹਨ।

1987 ਦੇ ਮਨਜੀਤ ਮੈਮੋਰੀਅਲ ਐਵਾਰਡ ਲਈ ਤੁਹਾਡੇ ਨਾਂ ਦਾ ਫੈਸਲਾ ਟ੍ਰਸਟ ਨੇ ਸਰਬ-ਸੰਮਤੀ ਨਾਲ ਲੈ ਲਿਆ ਹੈ। ਸਾਡੀ ਹਮੇਸ਼ਾ ਇਹ ਪਾਲਿਸੀ ਰਹੀ ਹੈ ਕਿ ਐਵਾਰਡ ਲੋਕ-ਹਿਤਾਂ ਲਈ ਲਿਖਣ ਵਾਲੇ ਲੇਖਕਾਂ ਨੂੰ ਦਿੱਤਾ ਜਾਵੇ। ਹੁਣ ਤੱਕ ਇਹ ਐਵਾਰਡ ਸੰਤ ਸਿੰਘ ਸੇਖੋਂ, ਗਿਆਨੀ ਕੇਸਰ ਸਿੰਘ, ਸੋਹਨ ਸਿੰਘ ਜੋਸ਼, ਸੰਤੋਖ ਸਿੰਘ ਧੀਰ, ਗੁਰਸ਼ਰਨ ਸਿੰਘ, ਸੁਜਾਨ ਸਿੰਘ ਤੇ ਦਵਿੰਦਰ ਸਤਿਆਰਥੀ ਨੂੰ ਦਿੱਤਾ ਜਾ ਚੁਕਿਆ ਹੈ। ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਟ੍ਰਸਟ ਵਿਚ ਅਗਲੇ ਸਾਲ ਤੋਂ ਪਾਕਿਸਤਾਨੀ ਲੇਖਕ ਫਖਰ ਜ਼ਮਾਨ ਵੀ ਸ਼ਾਮਲ ਹੋ ਰਹੇ ਹਨ, ਜਿਸ ਨਾਲ ਪਾਕਿਸਤਾਨੀ ਪੰਜਾਬੀ ਭਾਈਚਾਰੇ ਨੂੰ ਵੀ ਪ੍ਰਤੀਨਿਧਤਾ ਹਾਸਲ ਹੋਵੇਗੀ।

ਕਿਰਪਾ ਕਰਕੇ ਤੁਸੀਂ ਆਪਣੀ ਰਜ਼ਾਮੰਦੀ ਲਿਖਤੀ ਤੌਰ 'ਤੇ ਭੇਜਣ ਦੀ ਮਿਹਰਬਾਨੀ ਕਰਨਾ। ਨਾਲੇ ਇਹ ਵੀ ਦੱਸਣਾ ਕਿ ਕੋਈ ਸੰਭਾਵਨਾ ਕੈਨੇਡਾ ਆਉਣ ਦੀ ਬਣ ਸਕਦੀ ਹੈ, ਕਿਉਂਕਿ ਤੁਹਾਨੂੰ ਮਿਲਣ ਲਈ ਸਾਰੇ ਕੈਨੇਡੀਅਨ ਲੇਖਕ ਬਹੁਤ ਉਤਾਵਲੇ ਹਨ। ਅਸੀਂ ਪਹਿਲੀ ਕੈਨੇਡੀਅਨ ਕਾਨਫਰੰਸ ਉਤੇ ਤੁਹਾਨੂੰ ਉਡੀਕਦੇ ਰਹੇ। ਸਮਾਗਮ ਵੀ ਇਥੇ ਹੀ ਕਰ ਲਵਾਂਗੇ।

ਮੁੜਦੀ ਡਾਕ ਲਿਖਣਾ। ਐਵਾਰਡ ਵਿਚ ਪੰਜ ਸੌ ਕੈਨੇਡੀਅਨ ਡਾਲਰ ਨਕਦ ਦਿੱਤਾ ਜਾਂਦਾ ਹੈ। ਐਵਾਰਡ ਦਾ ਮਕਸਦ ਅਸੀਂ ਕਦੀ ਵੀ ਪੈਸਾ ਨਹੀਂ ਗਿਣਿਆ, ਸਗੋਂ ਲੋਕ-ਪੱਖੀ ਰਚਨਾਵਾਂ ਨੂੰ ਹੀ ਉਤਸ਼ਾਹਤ ਕਰਨਾ ਮਿਥਿਆ ਹੈ।

ਤੁਹਾਡੇ ਉਤਰ ਦੀ ਆਸ ਵਿਚ,

ਤੁਹਾਡਾ ਆਪਣਾ,
ਦਰਸ਼ਨ ਗਿੱਲ

ਚਿੱਠੀ ਪੜ੍ਹ ਮੈਨੂੰ ਖੁਸ਼ੀ ਹੋਈ ਕਿ ਜਿਹੜਾ ਐਵਾਰਡ ਏਡੇ ਮਸ਼ਹੂਰ ਲੇਖਕਾਂ ਦੇ ਹਿੱਸੇ ਆਇਆ ਹੈ, ਮੈਨੂੰ ਵੀ ਇਸ ਦੇ ਕਾਬਲ ਸਮਝਿਆ ਗਿਆ ਹੈ। ਖੁਸ਼ੀ ਇਸ ਗੱਲ ਦੀ ਵੀ ਹੋਈ ਕਿ ਮੈਨੂੰ ਜਿੰਨੀਆਂ ਵੀ ਇਮਤਿਹਾਨੀ ਡਿਸਟਿੰਕਸ਼ਨਾਂ ਅਤੇ ਸਾਹਿਤਕ ਇਨਾਮ ਮਿਲੇ ਹਨ, ਉਹਨਾਂ ਦੀ ਨਾ ਮੈਨੂੰ ਕਦੀ ਇੱਛਾ ਸੀ, ਨਾ ਹੀ ਆਸ ਅਤੇ ਨਾ ਹੀ ਉਹਨਾਂ ਦੀ ਪ੍ਰਾਪਤੀ ਲਈ ਮੈਂ ਕਦੀ ਕੋਈ ਰਿਸ਼ਵਤ, ਸਿਫਾਰਸ਼, ਗੰਢਤੁਪ ਜਾਂ ਭੰਨਤੋੜ ਕੀਤੀ ਹੈ। ਮੈਂ ਕੋਈ ਫਰਿਸ਼ਤਾ ਨਹੀਂ ਹਾਂ। ਹਾਂ, ਮੇਰੇ ਸਾਰੇ ਜੀਵਨ ਦਾ ਸੰਘਰਸ਼ ਆਪਣੀ ਆਤਮਾ ਨੂੰ ਜਿਉਂਦਿਆਂ ਰਖਣ ਦਾ ਸੁਚੇਤ ਯਤਨ ਹੈ। ਗਲਤੀਆਂ ਕਰਦਾ ਹਾਂ, ਆਪਣੀ ਆਤਮਾ ਤੋਂ ਮਾਫੀ ਮੰਗ, ਆਪਣੇ-ਆਪ ਨੂੰ ਠੀਕ ਕਰ ਲੈਂਦਾ ਹਾਂ। ਆਤਮਾ ਨੂੰ ਕਲੰਕਿਤ ਨਹੀਂ ਹੋਣ ਦਿੰਦਾ। ਇਹ ਕਾਫ਼ੀ ਕਠਨ ਅਮਲ ਹੈ। ਇਕ ਸਾਧਨਾ ਹੈ, ਪਰ ਇਸ ਦਾ ਆਪਣਾ ਹੀ ਇਕ ਰਹੱਸ ਤੇ ਆਨੰਦ ਹੈ। ਜਦੋਂ ਇਸ ਦਾ ਫਲ ਮਿਲਦਾ ਹੈ ਤਾਂ ਸਰਸਵਤੀ ਮਾਤਾ ਆਪ ਦਰਾਂ 'ਤੇ ਆਉਂਦੀ ਹੈ ਤੇ ਅਸੀਂ ਉਸ ਨੂੰ ਅਤਿ ਨਿਮ੍ਰਤਾ ਤੇ ਅਤਿ ਮਾਣ ਨਾਲ ਆਖਦੇ ਹਾਂ:

— ਮੈਂ ਇਕ ਦੀਯਾ ਹੂੰ ਮਗਰ ਹੌਂਸਲੇ ਹੈਂ ਸੂਰਜ ਕੇ
ਹਵਾਏ-ਤੁੰਦ ਮੇਂ ਭੀ ਤੇਰੀ ਰਾਹਗੁਜ਼ਰ ਮੇਂ ਰਹੂੰ - ਕਾਸਮੀ

ਤੇ ਸਰਸਵਤੀ ਮਾਤਾ ਮੁਸਕਾ ਕੇ ਆਖਦੀ ਹੈ: ਠੀਕ ਹੈ! ਹਮੇਸ਼ਾ-ਹਮੇਸ਼ਾ ਲਈ ਇੰਜ ਹੀ ਕਰਨਾ!

ਇਨਾਮ ਤਾਂ ਮੈਂ ਸਵੀਕਾਰ ਕਰ ਲਿਆ, ਪਰ ਕੈਨੇਡਾ ਜਾਣ ਬਾਰੇ ਦੁਚਿੱਤੀ ਵਿਚ ਪੈ ਗਿਆ। ਮੈਂ ਸੁਭਾਵਕ ਤੌਰ 'ਤੇ ਬਹੁਤਾ ਫਿਰਨ-ਤੁਰਨ ਵਾਲਾ ਬੰਦਾ ਨਹੀਂ ਹਾਂ। ਹੁਣ ਤਾਂ ਕਿਸੇ ਹੱਦ ਤੀਕ ਮੇਰੀ ਤਕਲੀਫ ਨੇ ਮੈਨੂੰ ਘਰ ਵਿਚ ਹੀ ਨਜ਼ਰਬੰਦ ਕਰਕੇ ਡਰਾਇੰਗ-ਰੂਮ ਮਾਰਕਸਵਾਦੀ ਲੇਖਕ ਬਣਾ ਦਿੱਤਾ ਹੈ। ਲੰਮੀ ਬੀਮਾਰੀ ਨੇ ਜਿਥੇ ਮੇਰੇ ਸੁਭਾਅ ਵਿਚ ਕੁਝ ਹਾਂ-ਪੱਖੀ ਤਬਦੀਲੀਆਂ ਲਿਆਂਦੀਆਂ ਹਨ, ਉਥੇ ਕਈ ਸਰੀਰਕ ਕਮਜ਼ੋਰੀਆਂ ਤੇ ਵਿਸ਼ੇਸ਼ ਜ਼ਰੂਰਤਾਂ ਵੀ ਪੈਦਾ ਕੀਤੀਆਂ ਹਨ, ਜਿਹੜੀਆਂ ਆਪਣੇ ਘਰ ਵਿਚ ਤਾਂ ਪੁਗ ਜਾਂਦੀਆਂ ਹਨ, ਪਰ ਦੂਜੀ ਥਾਂ ਮਹਿਮਾਨਦਾਰਾਂ ਲਈ ਤਕਲੀਫ ਦਾ ਕਾਰਣ ਬਣ ਜਾਂਦੀਆਂ ਹਨ। ਮਿਸਾਲ ਵਜੋਂ, ਮੈਨੂੰ ਇਕੱਲੇ ਨੂੰ ਮੰਜਾ ਚਾਹੀਦਾ ਹੈ ਕਿਉਂਕਿ ਮੈਂ ਖੱਬੀ ਵੱਖੀ ਭਾਰ ਨਹੀਂ ਸੌਂ ਸਕਦਾ ਅਤੇ ਕਈ ਵਾਰ ਮੈਨੂੰ ਰਾਤ ਨੂੰ ਉਠ ਕੇ ਬੈਠਣਾ ਵੀ ਪੈਂਦਾ ਹੈ। ਪਰ ਪੱਛਮ ਵਿਚ ਅਸੀਂ ਗੋਰਿਆਂ ਦੀ ਰੀਸ ਕੁਝ ਅਜਿਹਾ ਨੇਮ ਬਣਾ ਲਿਆ ਹੈ ਕਿ ਪਤੀ-ਪਤਨੀ ਨੂੰ ਇਕ ਬੈੱਡ ਦੇਣਾ ਸ਼ਿਸ਼ਟਾਚਾਰ ਬਣ ਗਿਆ ਹੈ। ਇਸੇ ਤਰ੍ਹਾਂ ਮੈਂ ਲਾਲ ਮਿਰਚ ਨਹੀਂ ਖਾ ਸਕਦਾ ਅਤੇ ਖਾਣ ਮੇਜ਼ 'ਤੇ ਬਹੁਤੇ ਭੋਜਨਾਂ ਦੀ ਭਰਮਾਰ ਵੇਖ ਘਬਰਾ ਜਾਂਦਾ ਹਾਂ। ਕੋਮਲਭਾਵੀ ਵੀ ਇਥੋਂ ਤੀਕ ਹੋ ਗਿਆ ਹਾਂ ਕਿ ਜਿਹੜੇ ਘਰ ਵਿਚ ਮੈਂ ਰਹਾਂ ਉਥੋਂ ਦੇ ਜੀਆਂ ਦੀ ਪ੍ਰਸਪਰ ਬਦਤਮੀਜ਼ੀ ਜਾਂ ਬੇਰੁਖੀ ਮੈਨੂੰ ਬਹੁਤ ਦੁਖੀ ਕਰਦੀ ਹੈ। ਇਸੇ ਲਈ ਮੇਰੇ ਵਰਗੇ "ਔਖੇ ਬੰਦੇ" ਲਈ ਘਰ ਹੀ ਠੀਕ ਹੈ ਜਾਂ ਮੇਰਾ ਭਰਾ ਸੋਹਣ ਜਿਹੜਾ ਅੱਜ ਦੇ ਜੁਗ ਦਾ ਲਛਮਣ ਹੈ। ਆਖਰੀ ਤੇ ਅਹਿਮ ਗੱਲ ਇਹ ਕਿ ਦਮਾ, ਕਰੌਨਿਕ ਬ੍ਰਾਂਕਾਇਟਿਸ ਤੇ ਐਮਫੇਸੀਮਾ ਇਕ ਅਜਿਹੀ ਬੀਮਾਰੀ ਹੈ ਕਿ ਕੋਈ ਪਤਾ ਨਹੀਂ ਕਦੋਂ ਇਨਫੈਕਸ਼ਨ ਹੋ ਜਾਵੇ ਤੇ ਸਾਰੇ ਪ੍ਰੋਗਰਾਮ ਧਰੇ-ਧਰਾਏ ਰਹਿ ਜਾਣ। ਬਹੁਤ ਵਾਰ ਇੰਜ ਹੋਇਆ ਵੀ ਹੈ ਤੇ ਮੈਂ ਆਪਣੇ-ਆਪ ਨੂੰ ਦੋਸ਼ੀ ਸਮਝ ਬਹੁਤ ਦੁਖੀ ਹੋਇਆ ਹਾਂ।

ਪਰ ਮੇਰੀ ਪਤਨੀ ਪ੍ਰਕਾਸ਼ ਤੇ ਬੱਚੇ ਚਾਹੁੰਦੇ ਸਨ ਕਿ ਮੈਂ ਕੈਨੇਡਾ ਜਾਵਾਂ। ਇਸ ਦੇ ਹੱਕ ਵਿਚ ਦਲੀਲਾਂ ਦੇਣ ਲੱਗ ਪਏ। ਪ੍ਰਕਾਸ਼ ਆਖਣ ਲੱਗੀ: "ਮੈਂ ਤੁਹਾਡੇ ਨਾਲ ਹੋਵਾਂਗੀ। ਜਿਥੇ ਠਹਿਰੋਂਗੇ ਤੁਹਾਡੀਆਂ ਜ਼ਰੂਰਤਾਂ ਪੂਰੀਆਂ ਕਰ-ਕਰਵਾ ਲਵਾਂਗੀ। ਨਾਲੇ ਵਧੀਆ ਸਿਹਤ-ਬੀਮਾ ਕਰਵਾ ਲਵਾਂਗੇ।" ... ਫਾਰਮੇਸਿਸਟ ਨੂੰਹ-ਪੁੱਤ ਆਖਣ ਲੱਗੇ: "ਅਸੀਂ ਤੁਹਾਨੂੰ ਦਵਾਈਆਂ ਦੀ ਕਿਟ ਬਣਾ ਕੇ ਦੇਵਾਂਗੇ। ਨਾਲੇ ਜੇ ਕੋਈ ਐਸੀ-ਵੈਸੀ ਗੱਲ ਹੋ ਵੀ ਗਈ ਤਾਂ ਵਾਪਸ ਆ ਜਾਣਾ। ਮਾਨਚੈਸਟਰ ਪਹੁੰਚਣ ਲਈ ਦਸ ਘੰਟੇ ਹੀ ਤਾਂ ਲਗਦੇ ਨੇ।"

ਆਪਣੀ ਇਸ ਦੁਚਿੱਤੀ ਨੂੰ ਮੈਂ ਆਪਣੀ ਧਰਮ-ਭੈਣ ਗੁਰਬਖਸ਼ ਦੋਸਾਂਝ ਨਾਲ ਵੀ ਸਾਂਝਿਆਂ ਕੀਤਾ। ਉਹ ਆਖਣ ਲੱਗੀ: "ਭਾਅ ਜੀ, ਤੁਸੀਂ ਖੁਸ਼ੀ-ਖੁਸ਼ੀ ਕੈਨੇਡਾ ਜਾਵੋ। ਵੈਨਕੂਵਰ ਮੇਰੀ ਮਾਸੀ ਦਾ ਪੁੱਤ ਰਹਿੰਦਾ ਹੈ। ਦੋਵੇਂ ਜੀਅ ਬਹੁਤ ਚੰਗੇ ਨੇ। ਭਾਬੀ ਜੀ ਤਾਂ ਕੰਮ ਵੀ ਨਹੀਂ ਕਰਦੀ; ਭਰਾ ਵੀ ਜਿੰਨਾ ਚਿਰ ਤੁਸੀਂ ਰਹੋਂਗੇ, ਛੁੱਟੀ ਲੈ ਲਵੇਗਾ। ਤੁਹਾਨੂੰ ਫੁੱਲਾਂ ਵਾਂਗ ਰਖਣਗੇ। ਮੈਂ ਅੱਜ ਹੀ ਚਿੱਠੀ ਲਿਖ ਦਿੰਦੀ ਹਾਂ। ਜਾਣ ਦੀ ਤਿਆਰੀ ਕਰੋ, ਬਾਕੀ ਮੇਰੇ 'ਤੇ ਛੱਡ ਦੇਵੋ।"

ਗੁਰਨਾਮ ਸਿੰਘ ਸੰਘੇੜਾ ਅਤੇ ਉਹਨਾਂ ਦੀ ਪਤਨੀ ਹਰਮਿੰਦਰ ਇੰਗਲੈਂਡ ਵਿਚ ਸਾਡੇ ਸ਼ਹਿਰ ਬਰੇਡਫੋਰਡ ਹੀ ਰਹਿੰਦੇ ਰਹੇ ਸਨ ਅਤੇ ਉਹਨਾਂ ਦੇ ਸਾਡੇ ਨਾਲ

→

ਅਤਿ ਨੇੜਤਾ ਵਾਲੇ ਸੰਬੰਧ ਰਹੇ ਸਨ। ਹੁਣ ਉਹ ਵੈਨਕੂਵਰ ਜਾ ਵਸੇ ਹਨ। ਗੁਰਨਾਮ ਦਾ ਖਤ ਆਇਆ: "ਮੈਂ ਇਹ ਬਰਦਾਸ਼ਤ ਨਹੀਂ ਕਰ ਸਕਦਾ ਕਿ ਤੁਸੀਂ ਸਾਥੋਂ ਬਿਨਾਂ ਕਿਸੇ ਹੋਰ ਥਾਂ ਠਹਿਰੋ। ਸਾਡੇ ਕੋਲ ਹੀ ਠਹਿਰਨਾ ਪਵੇਗਾ।" ... ਦਰਸ਼ਨ ਗਿੱਲ ਨੇ ਲਿਖਿਆ: "ਰਹਿਣ ਦੀ ਕੋਈ ਸਮੱਸਿਆ ਨਹੀਂ। ਸਾਰਿਆਂ ਦੇ ਦਰਵਾਜ਼ੇ ਤੁਹਾਡੇ ਲਈ ਖੁੱਲ੍ਹੇ ਹਨ।"

ਅਸੀਂ ਕੈਨੇਡਾ ਜਾਣ ਦਾ ਮਨ ਬਣਾ ਲਿਆ। ਪ੍ਰਕਾਸ਼ ਆਖਣ ਲੱਗੀ: "ਬਸ, ਤੁਹਾਨੂੰ ਮੌਕੇ 'ਤੇ ਇਨਫੈਕਸ਼ਨ ਨਾ ਹੋਵੇ। ਡਰ ਲਗਦਾ ਰਹਿੰਦਾ ਹੈ। ਕਿੰਨੀ ਵਾਰ ਬਣੇ-ਬਣਾਏ ਪ੍ਰੋਗਰਾਮ ਧਰੇ-ਧਰਾਏ ਰਹਿ ਗਏ। ਹਾਲੈਂਡ ਭੈਣ ਜੀ ਅਮਰ ਜਿਉਤੀ ਕੋਲ ਜਾਣ ਸਮੇਂ ਤੁਸੀਂ ਐਨ ਮੌਕੇ 'ਤੇ ਬੀਮਾਰ ਹੋ ਗਏ ਅਤੇ ਇਨਸ਼ੋਰੈਂਸ ਨਾ ਕਰਵਾਉਣ ਕਰਕੇ 168 ਪੌਂਡ ਦੀਆਂ ਟਿਕਟਾਂ ਡਸਟਬਿਨ ਵਿਚ ਸੁਟਣੀਆਂ ਪਈਆਂ। ਬੜਾ ਦੁੱਖ ਲਗਿਆ ਸੀ। ਇਸੇ ਤਰ੍ਹਾਂ ਜਦੋਂ ਨੂਰ ਭਾਅ ਜੀ ਹੋਰਾਂ ਨੇ ਵੁਲਵਰਹੈਂਪਟਨ ਪ੍ਰੋਗਰਾਮ ਰੱਖਿਆ ਸੀ ਤਾਂ ਤੁਸੀਂ ਐਨ ਮੌਕੇ 'ਤੇ ਬੀਮਾਰ ਹੋ ਗਏ ਸੌ ਅਤੇ ਵਿਚਾਰਿਆਂ ਨੂੰ ਪਬਲਿਕ ਸਾਹਵੇਂ ਸ਼ਰਮਿੰਦਾ ਹੋਣਾ ਪਿਆ ਤੇ ਤੁਹਾਡਾ ਪਰਚਾ ਕਿਸੇ ਹੋਰ ਤੋਂ ਪੜ੍ਹਵਾਇਆ। ... ਇਸੇ ਤਰ੍ਹਾਂ ਕਿੰਨੀ ਵਾਰ ਹੋਰ!" ਮੈਂ ਆਖਿਆ: "ਤੂੰ ਬੇਦੀਆਂ ਦੀ ਧੀ ਤੇ ਗੁਰੂ ਨਾਨਕ ਦੀ ਸੱਤਵੀਂ ਪੀੜ੍ਹੀ ਵਿਚੋਂ ਏਂ; ਮਾਰ ਦੇ ਕੋਈ ਮੰਤਰ ਤਾਂ ਕਿ ਮੇਰੀ ਸਿਹਤ ਠੀਕ ਰਹੇ।"

ਹੁਣ ਟਿਕਟ ਕਿਸ ਤੋਂ ਲਈ ਜਾਵੇ? ਗੋਰੇ ਇਤਬਾਰਯੋਗ ਨੇ, ਪਰ ਮਹਿੰਗੇ ਬਹੁਤ ਨੇ। ਇੰਡੀਅਨ ਇਤਬਾਰਯੋਗ ਨਹੀਂ, ਪਰ ਸਸਤੇ ਨੇ। ਇੰਡੀਅਨ ਵਪਾਰੀ ਦੀ ਕੁਝ ਅਜਿਹੀ ਫਿਲਾਸਫੀ ਹੈ ਕਿ ਸ਼ੁਰੂ-ਸ਼ੁਰੂ ਵਿਚ ਤਾਂ ਕੁਝ ਦੇਰ ਚੰਗਾ ਰਹਿੰਦਾ ਹੈ, ਪਰ ਜਦੋਂ ਕੰਮ ਚਲ ਨਿਕਲਦਾ ਹੈ ਤਾਂ ਉਹਦਾ ਸਰੀਰ ਦੇ ਨਾਲ-ਨਾਲ ਮੂੰਹ ਵੀ ਸੁੱਜਣ ਲਗਦਾ ਹੈ। ਫਿਊਡਲ ਜ਼ਹਿਨੀਅਤ ਵਾਲੇ ਬੰਦਿਆਂ ਦਾ ਇਹੀ ਮਨੋਵਿਗਿਆਨਕ ਦੁਖਾਂਤ ਹੈ। ਖੈਰ, ਬਰੈਡਫੋਰਡ ਭਾਰਤ ਟ੍ਰੈਵਲ ਵਾਲੇ ਕੁਲਤਾਰ ਦੀ ਬੜੀ ਮਹਿਮਾ ਸੁਣਦੇ ਸਾਂ, ਉਸੇ ਕੋਲ ਚਲੇ ਗਏ। ਉਹ ਆਪਣੇ ਸੁਰਗਵਾਸੀ ਪਿਤਾ ਪਟਵਾਰੀ ਜੀ ਵਾਂਗ ਬਹੁਤ ਹੀ ਮਿਠ-ਬੋਲੜਾ ਹੈ ਤੇ ਮੈਨੂੰ ਬੜੇ ਆਦਰ ਨਾਲ ਅੰਕਲ ਜੀ ਕਹਿ ਸੰਬੋਧਨ ਕਰਦਾ ਹੈ।

— ਆਉ ਅੰਕਲ ਜੀ, ਆਂਟੀ ਜੀ! ਕੀ ਸੇਵਾ ਕਰੀਏ। ... ਉਸ ਨੇ ਬੜੇ ਤਪਾਕ ਨਾਲ ਆਖਿਆ।

ਮੈਂ ਉਸ ਦੀ ਨਮਸਤੇ ਦਾ ਸਨੇਹ ਨਾਲ ਜਵਾਬ ਦਿੰਦਿਆਂ ਉਹੀ ਕੁਝ ਆਖਿਆ ਜੋ ਮੈਂ ਹਰ ਹਿੰਦੁਸਤਾਨੀ ਦੀ ਦੁਕਾਨ ਤੋਂ ਸੌਦਾ ਲੈਣ ਲੱਗਿਆਂ ਆਖਦਾ ਹਾਂ: "ਕੁਲਤਾਰ ਅਜ਼ੀਜ਼! ਤੇਰੇ ਪਿਤਾ ਜੀ ਮੇਰੇ ਮਿਹਰਬਾਨ ਮਿੱਤਰ ਸਨ, ਤਾਂ ਹੀ ਤੇਰੇ ਕੋਲ ਆਏ ਹਾਂ। ਅਸੀਂ ਅੱਧ ਮਈ ਵਿਚ ਵੈਨਕੂਵਰ ਜਾਣਾ ਚਾਹੁੰਦੇ ਹਾਂ ਅਤੇ ਅੱਧ ਜੂਨ ਵਿਚ ਵਾਪਸ ਮੁੜਨਾ ਚਾਹੁੰਦੇ ਹਾਂ। ਵਧੀਆ ਜਹਾਜ਼ ਵਿਚ ਭੇਜੀਂ, ਜਿਹੜਾ ਰਾਹ ਵਿਚ ਬਦਲਨਾ ਨਾ ਪਵੇ। ਚੰਗੀ ਇਨਸ਼ੋਰੈਂਸ ਵੀ ਕਰ ਦੇਵੀਂ। ਦੂਜੇ ਟਰੈਵਲ ਏਜੰਟਾਂ ਨਾਲੋਂ ਜੇ ਘੱਟ ਨਹੀਂ ਤਾਂ ਕਰਾਇਆ ਵੱਧ ਨਾ ਲਵੀਂ। ਮੈਨੂੰ ਵਾਰ-ਵਾਰ ਫੋਨ ਵੀ ਨਾ ਕਰਨੇ ਪੈਣ। ਬੱਸ ਟਿਕਟਾਂ ਆਈਆਂ 'ਤੇ ਫੋਨ ਕਰ ਦੇਵੀਂ, ਅਸੀਂ ਆ ਕੇ ਲੈ ਜਾਵਾਂਗੇ। ਪੈਸੇ ਬੇਸ਼ਕ ਹੁਣ ਲੈ ਲੈ। ਮਿਹਰਬਾਨੀ ਕਰਕੇ ਮੈਨੂੰ ਭੋਰਾ ਵੀ ਤੰਗ ਨਾ ਕਰੀਂ। ਜ਼ਰਾ ਜਿੰਨੀ ਲਾਪ੍ਰਵਾਹੀ ਨੂੰ ਵੀ ਮੈਂ ਬਹੁਤ ਮਹਿਸੂਸ ਕਰ ਲੈਂਦਾ ਹਾਂ। ਇੰਡੀਅਨ ਵਪਾਰੀਆਂ ਤੋਂ ਮੈਂ ਜ਼ਰਾ ਅਲਰਜਕ ਹਾਂ।"

ਕੁਲਤਾਰ ਨੇ ਆਖਿਆ: "ਅੰਕਲ ਜੀ, ਤੁਸੀਂ ਤਾਂ ਸਾਡੇ ਲਈ ਸਪੈਸ਼ਲ ਹੋ। ਤੁਹਾਨੂੰ ਮੈਂ ਵਾਰਡੇਅਰ ਜਹਾਜ਼ ਵਿਚ ਘਲਾਵਾਂਗਾ। 13 ਮਈ ਨੂੰ ਮਾਨਚੈਸਟਰ ਤੋਂ ਚੱਲੇਗਾ ਅਤੇ 10 ਜੂਨ ਨੂੰ ਵੈਨਕੂਵਰ ਤੋਂ ਮਾਨਚੈਸਟਰ ਲਈ ਵਾਪਸੀ ਬੁੱਕ ਕਰ ਦਿੰਦਾ ਹਾਂ। ਤੁਹਾਡੇ ਦੋਹਾਂ ਲਈ ਕਿਰਾਇਆ 640 ਪੌਂਡ। ਇਸ ਵਿਚ ਏਅਰਪੋਰਟ ਫੀਸ ਵੀ ਸ਼ਾਮਲ ਹੈ। 52 ਪੌਂਡ ਦੋਹਾਂ ਦੀ ਇਨਸ਼ੋਰੈਂਸ ਹੈ, ਜਿਹੜੀ ਵਾਰਡੇਅਰ ਵਾਲਿਆਂ ਦੀ ਹੀ ਹੈ — ਬਹੁਤ ਵਧੀਆ। ਸੋ ਕੁੱਲ ਮਿਲਾ ਕੇ 692 ਪੌਂਡ ਹੋ ਗਏ। ਦੋ ਹਫਤੇ ਪਹਿਲਾਂ ਟਿਕਟ ਆ ਜਾਵੇਗੀ ਤੇ ਮੈਂ ਆਪ ਰਾਜੀਵ ਨੂੰ ਸ਼ੌਪ 'ਤੇ ਦੇ ਜਾਵਾਂਗਾ। ਭੋਰਾ ਚਿੰਤਾ ਨਾ ਕਰੋ ਤੇ ਸਭ ਕੁਝ ਮੇਰੇ 'ਤੇ ਛੱਡ ਕੇ ਆਪਣਾ ਲਿਖਣ-ਪੜ੍ਹਨ ਦਾ ਕੰਮ ਜਾਰੀ ਰੱਖੋ।"

— ਮਿਹਰਬਾਨੀ, ਤੂੰ ਵੀ ਆਪਣੇ ਪਿਤਾ ਜੀ ਵਰਗਾ ਮਿੱਠਾ ਲੜਕਾ ਏਂ। ਜ਼ਿੰਦਗੀ ਤੈਨੂੰ ਭਾਗ ਲਾਵੇ ਤੇ ਤੂੰ ਲੋਕਾਂ ਨੂੰ ਆਰਾਮ ਨਾਲ ਜਹਾਜ਼ ਚੜ੍ਹਾਉਂਦਾ ਰਹੇਂ। ਪੈਸੇ ਹੁਣੇ ਦੇਵਾਂ? ਜਾਂ ਥੋੜ੍ਹੇ-ਬਹੁਤੇ ਲੈ ਲੈ।

— ਨਹੀਂ ਅੰਕਲ ਜੀ, ਪੈਸਿਆਂ ਦੀ ਕੋਈ ਗੱਲ ਨਹੀਂ। ਤੁਹਾਡੇ ਸਾਡੇ ਕਿਹੜਾ ਦੋ ਨੇ। ... ਆਹ ਵਾਰਡੇਅਰ ਦੇ ਕਾਗਜ਼ ਲੈ ਜਾਵੋ, ਪੜ੍ਹ ਲੈਣਾ।

ਮੈਂ ਵੈਨਕੂਵਰ ਸਭ ਨੂੰ ਖਤ ਲਿਖ ਦਿੱਤੇ ਤਾਂ ਕਿ ਉਹ ਆਪਣੇ ਪ੍ਰੋਗਰਾਮ ਮਿਥ ਲੈਣ। ਉਂਜ ਮੈਂ ਨਿਸ਼ਚਿੰਤ ਹੋ ਕੇ ਵੀ ਚਿੰਤਾਤੁਰ ਹੀ ਰਿਹਾ। ਪ੍ਰਕਾਸ਼ ਨਾਲ ਗੱਲ ਕੀਤੀ ਕਿ ਇੰਡੀਅਨਾਂ ਦੀ ਕੋਈ ਪ੍ਰਤੀਤ ਨਹੀਂ ਹੁੰਦੀ। ਵੇਖ ਲੈ ਮੰਦਰ ਵਾਲਿਆਂ ਨੇ ਮੇਰਾ ਰਿਗਵੇਦ ਹਜ਼ਮ ਕਰਕੇ ਡਕਾਰ ਵੀ ਨਹੀਂ ਮਾਰਿਆ। ਟਿਕਟਾਂ ਸਮੇਂ-ਸਿਰ ਮਿਲ ਜਾਣ। ਪ੍ਰਕਾਸ਼ ਮੈਨੂੰ ਕੁੱਦ ਕੇ ਪਈ: "ਤੁਹਾਡੇ ਵਰਗੇ ਵਹਿਮੀ ਦਾ ਇਲਾਜ ਤਾਂ ਲੁਕਮਾਨ ਕੋਲ ਵੀ ਨਹੀਂ ਸੀ। ਦੁਨੀਆਂ ਵਿਸ਼ਵਾਸ ਦੇ ਸਿਰ 'ਤੇ ਹੀ ਖੜ੍ਹੀ ਹੈ। ਐਵੇਂ ਫਜ਼ੂਲ ਜਾਨ ਨਾ ਖਾਇਆ ਕਰੋ।"

ਮੈਂ ਚੁੱਪ ਕਰਕੇ ਆਪਣੇ ਲਿਖਣ-ਪੜ੍ਹਨ ਵਾਲੇ ਕਮਰੇ ਵਿਚ ਚਲਿਆ ਗਿਆ ਅਤੇ ਐਵੇਂ ਹੀ ਵਾਰਡੇਅਰ ਏਅਰ-ਲਾਈਨ ਸੰਬੰਧੀ ਕੁਲਤਾਰ ਦੇ ਦਿੱਤੇ ਕਾਗਜ਼ ਫੋਲਣ ਲੱਗਿਆ। ਮੇਰੀ ਹੈਰਾਨੀ ਤੇ ਦੁੱਖ ਦਾ ਕੋਈ ਅੰਤ ਨਾ ਰਿਹਾ ਜਦੋਂ ਵੇਖਿਆ ਕਿ 13 ਮਈ ਨੂੰ ਤਾਂ ਕੋਈ ਜਹਾਜ਼ ਹੀ ਮਾਨਚੈਸਟਰ ਤੋਂ ਵੈਨਕੂਵਰ ਨੂੰ ਨਹੀਂ ਜਾਂਦਾ। ਪ੍ਰਕਾਸ਼ ਨੂੰ ਨਾਲ ਲੈ 15 ਮੀਲ ਬਰੈਡਫੋਰਡ ਕੁਲਤਾਰ ਕੋਲ ਪਹੁੰਚਿਆ। ਉਸ ਨੇ ਕਾਰਡ ਕੱਢਿਆ ਜਿਸ ਉਤੇ 13 ਕੱਟ ਕੇ 20 ਮਈ ਲਿਖਿਆ ਹੋਇਆ ਸੀ। ਉਸ ਨੇ ਮਾਫੀ ਦੇ ਲਹਿਜੇ ਵਿਚ ਆਖਿਆ: "ਅੰਕਲ ਜੀ, ਮਾਫ ਕਰਨਾ 13 ਨੂੰ ਜਹਾਜ਼ ਨਹੀਂ ਸੀ ਜਾਂਦਾ ਤੇ ਮੈਂ 20 ਮਈ ਦੀ ਸੀਟ ਬੁੱਕ ਕਰਵਾ ਦਿੱਤੀ ਹੈ।"

— ਪਰ ਭਲਿਆ ਲੋਕਾ, ਸਾਨੂੰ ਤਾਂ ਪਤਾ ਦੇਣਾ ਸੀ। ਅਸੀਂ ਸਾਰਿਆਂ ਨੂੰ ਚਿੱਠੀਆਂ ਲਿਖੀਆਂ ਹੋਈਆਂ ਨੇ। 20 ਮਈ ਨੂੰ ਤਾਂ ਉਥੇ ਪ੍ਰੋਗਰਾਮ ਰਖਿਆ ਹੋਇਆ ਹੈ। ਕਈ ਲੋਕਾਂ ਨੇ ਬਾਹਰਲੇ ਸ਼ਹਿਰਾਂ ਵਿਚੋਂ ਵੀ ਆਉਣਾ ਹੈ। ਉਹੀ ਗੱਲ ਹੋਈ ਜਿਸ ਤੋਂ ਮੈਂ ਹਮੇਸ਼ਾਂ ਡਰਦਾ ਰਹਿੰਦਾ ਹਾਂ ....

— ਸੌਰੀ ਅੰਕਲ ਜੀ! ਮੈਨੂੰ ਇਤਲਾਹ ਦੇਣੀ ਚਾਹੀਦੀ ਸੀ। ... ਕੁਲਤਾਰ ਨੇ ਨਿਮ੍ਰਤਾ-ਪੂਰਵਕ ਗੱਲ ਨਿਬੇੜ ਦਿੱਤੀ।

ਕੀ ਕਰ ਸਕਦਾ ਸਾਂ? ਚੁੱਪ ਕਰਕੇ, ਅਸ਼ੀਰਵਾਦ ਦੇ ਕੇ ਆ ਗਿਆ। ਹੁਣ ਸਾਡੇ ਕੋਲ ਵੈਨਕੂਵਰ ਲਈ ਚਾਰ ਹਫਤਿਆਂ ਦੀ ਥਾਂ ਤਿੰਨ ਹਫਤੇ ਰਹਿ ਗਏ, ਜਿਸ ਕਰਕੇ ਸਾਡਾ ਕੈਲੇਫੋਰਨੀਆ ਜਾਣ ਦਾ ਪ੍ਰੋਗਰਾਮ ਨੇਪਰੇ ਨਾ ਚੜ੍ਹ ਸਕਿਆ।

ਜੇ ਕੋਈ ਪੜ੍ਹਨ-ਸੁਣਨ ਵਾਲਾ ਕਿਸੇ ਪ੍ਰਤੀਤ ਵਾਲੇ ਇੰਡੀਅਨ ਟ੍ਰੈਵਲ ਏਜੰਟ ਨੂੰ ਜਾਣਦਾ ਹੋਵੇ ਜਿਹੜਾ ਵਚਨ ਤੇ ਕਰਮ ਦਾ ਧਨੀ ਹੋਵੇ ਤਾਂ ਪਤਾ ਦੇਣ ਦੀ ਕਿਰਪਾ ਕਰੇ। ਇਸ਼ਤਿਹਾਰ ਤਾਂ ਬਥੇਰੇ ਵੱਡੇ ਵੱਡੇ ਛਪਦੇ ਹਨ। ਪਰ ਸਾਡੇ ਕੌਮੀ ਕਿਰਦਾਰ ਦੇ ਨਾਲ-ਨਾਲ ਆਪਣੇ ਪਿਆਰੇ ਦੇਸ਼ ਦਾ ਮਾਤਮ ਕਰਨ ਨੂੰ ਜੀਅ ਕਰਦਾ ਹੈ!

ਖੈਰ, ਆਪਣੇ ਪਿਆਰੇ ਦੇਸ਼, ਖਾਸ ਕਰ ਆਪਣੇ ਅਤਿ ਪਿਆਰੇ ਪੰਜਾਬ ਵਿਚ ਤਾਂ ਮਾਤਮ ਰੋਜ਼ ਹੀ ਹੁੰਦਾ ਹੈ। ਪਹਿਲਾਂ ਆਪਣਾ ਮਾਤਮ ਤਾਂ ਕਰ ਲਈਏ। ਟਿਕਟ ਲਈ ਭੱਜ-ਨੱਠ, ਬੇਪ੍ਰਤੀਤੀ, 13 ਮਈ ਨੂੰ ਵੈਨਕੂਵਰ ਨਾ ਪੁੱਜ ਸਕਣ ਦੀ ਨਿਮੋਸ਼ੀ ਦਾ ਮੇਰੀ ਅਤਿ ਹੱਸਾਸ ਤਬੀਅਤ 'ਤੇ ਇਨਾ ਅਸਰ ਹੋਇਆ ਕਿ ਮੈਨੂੰ ਇਨਫੈਕਸ਼ਨ ਹੋ ਗਈ। ਘਰ ਦੇ ਸਾਰੇ ਜੀਅ ਚਿੰਤਾਤੁਰ ਹੋ ਗਏ। ਬੱਚੇ ਮੈਡੀਕਲ ਪੇਸ਼ੇ ਵਿਚ ਹੋਣ ਕਰਕੇ ਡਾਕਟਰੀ ਸਹਾਇਤਾ ਬੜੀ ਆਸਾਨੀ ਨਾਲ ਪ੍ਰਾਪਤ ਹੋ ਜਾਂਦੀ ਹੈ। ਮੇਰਾ ਮਿਹਰਬਾਨ ਡਾਕਟਰ ਘਰ ਆਇਆ ਤੇ ਐਂਟੀਬਾਇਓਟਿਕਸ ਦੇ ਆਰਾਮ ਕਰਨ ਦੀ ਸਿਫਾਰਸ਼ ਕਰ ਗਿਆ। ਹਫਤਾ ਗੁਜ਼ਰ ਗਿਆ ਪਰ ਇਨਫੈਕਸ਼ਨ ਦੂਰ ਨਹੀਂ ਸੀ ਹੋ ਰਹੀ। ਡਾਕਟਰ ਨੇ ਐਂਟੀਬਾਇਓਟਿਕਸ ਬਦਲ ਦਿੱਤੇ ਤੇ ਦਸ ਦਿਨ ਲੈਣ ਲਈ ਆਖਿਆ। ਕੋਈ ਖਾਸ ਫਾਇਦਾ ਨਹੀਂ ਸੀ ਹੋ ਰਿਹਾ

ਜਾਣ ਤੋਂ ਦੋ ਦਿਨ ਪਹਿਲਾਂ ਭਾਰਤ ਟ੍ਰੈਵਲ ਵਾਲਾ ਕੁਲਤਾਰ ਮੇਰੇ ਲੜਕੇ ਰਾਜੀਵ ਨੂੰ ਟਿਕਟਾਂ ਦੇ ਗਿਆ। ਰਾਜੀਵ ਨੇ ਉਸ ਨੂੰ ਆਖਿਆ: "ਤੁਹਾਡੇ ਅਮਲਾਂ ਨੇ ਮੇਰੇ ਡੈਡੀ ਬੀਮਾਰ ਕਰ ਦਿੱਤੇ ਨੇ। ਉਹਨਾਂ ਤੋਂ ਕੋਈ ਬੇਅਸੂਲੀ ਗੱਲ ਬਰਦਾਸ਼ਤ ਨਹੀਂ ਹੁੰਦੀ। ਮੈਨੂੰ ਇਕ ਵੀ ਅਜਿਹਾ ਵਾਕਿਆ ਯਾਦ ਨਹੀਂ ਕਿ ਉਹਨਾਂ ਨੇ ਵਾਇਦਾ ਕੀਤਾ ਹੋਵੇ ਤੇ ਪੂਰਾ ਨਾ ਕੀਤਾ ਹੋਵੇਗਾ। ਬਲਕਿ ਉਹਨਾਂ ਨੇ ਤਾਂ ਸਾਨੂੰ ਇਥੋਂ ਤੀਕ ਆਖਿਆ ਹੋਇਆ ਹੈ ਕਿ ਜੇ ਮੇਰੀ ਅਚਾਨਕ ਮੌਤ ਹੋ ਜਾਵੇ ਤਾਂ ਮੇਰੇ ਕੀਤੇ ਵਾਇਦੇ ਪੂਰੇ ਕਰਨਾ।"

ਕੁਲਤਾਰ ਨੇ ਮੇਰੇ ਲੜਕੇ ਨੂੰ, ਹਮੇਸ਼ਾਂ ਵਾਂਗ, ਯਕੀਨ ਦਿਵਾਇਆ ਕਿ ਭਵਿਖ ਵਿਚ ਇੰਜ ਨਹੀਂ ਹੋਵੇਗਾ। ਆਮੀਨ! ਪਰ ਬਜ਼ੁਰਗ ਗ਼ਾਲਿਬ ਮੈਨੂੰ ਝੂਣ ਜਗਾ ਰਿਹਾ ਸੀ:

— ਤੇਰੇ ਵਾਅਦੇ ਪਰ ਜੀਏ ਹਮ, ਤੋ ਯਿਹ ਜਾਨ ਝੂਟ ਜਾਨਾ
ਕਿ ਖੁਸ਼ੀ ਸੇ ਮਰ ਨਾ ਜਾਤੇ, ਅਗਰ ਇਅਤਬਾਰ ਹੋਤਾ!

ਮੈਂ ਬੁੱਧਵਾਰ ਨੂੰ ਦੋ ਦਿਨ ਪਹਿਲਾਂ ਵੀ ਡਾਕਟਰ ਕੋਲ ਗਿਆ। ਉਦੋਂ ਤੀਕ ਇਹ ਵੀ ਸੋਚ ਲਿਆ ਸੀ ਕਿ ਜੇ ਮੇਰੀ ਇਨਫੈਕਸ਼ਨ ਕਾਬੂ ਵਿਚ ਨਾ ਆਈ ਅਤੇ ਡਾਕਟਰ ਨੇ ਆਗਿਆ ਨਾ ਦਿੱਤੀ ਤਾਂ ਮੈਂ ਨਹੀਂ ਜਾਵਾਂਗਾ। ਪ੍ਰਕਾਸ਼ ਹੀ ਹੋ ਆਵੇਗੀ। ਪਰ ਮੇਰੇ ਡਾਕਟਰ ਨੇ ਚੈੱਕ ਕਰਕੇ ਆਖਿਆ ਕਿ ਇਨਫੈਕਸ਼ਨ ਤਾਂ ਹਾਲੀਂ ਹੈ, ਪਰ ਤੂੰ ਕੈਨੇਡਾ ਜ਼ਰੂਰ ਜਾ। ਐਂਟੀਬਾਇਓਟਿਕਸ ਦਾ ਇਕ ਕੋਰਸ ਵਾਧੂ ਵੀ ਨਾਲ ਲੈ ਜਾਵੀਂ ਤੇ ਆਪਣੀਆਂ ਬਾਕੀ ਦਵਾਈਆਂ ਵੀ। ਫਿਕਰ ਨਾ ਕਰੀਂ। ਖੁਸ਼ੀ-ਖੁਸ਼ੀ ਜਾ। ... ਡਾਕਟਰ ਦੀ ਗੱਲ ਸੁਣ ਅੱਧਾ ਕੁ ਤਾਂ ਮੈਂ ਸਰਜਰੀ ਵਿਚ ਹੀ ਰਾਜ਼ੀ ਹੋ ਗਿਆ। ਅਸੀਂ 20 ਮਈ ਨੂੰ, ਸ਼ੁਕਰਵਾਰ ਵਾਲੇ ਦਿਨ, ਮਾਨਚੈਸਟਰ ਤੋਂ ਵੈਨਕੂਵਰ ਜਾਣ ਦੀ ਪੂਰੀ ਤਿਆਰੀ ਕਰ ਲਈ। (ਚਲਦਾ)

---

● ਡਾਕਟਰ: (ਮਰੀਜ਼ ਨੂੰ) ਤੁਸੀਂ ਏਨੀ ਰਾਤ ਨੂੰ ਕਿਉਂ ਆਏ ਹੋ? ਕੀ ਤੁਸੀਂ ਬਾਹਰ ਲੱਗਾ ਬੋਰਡ ਨਹੀਂ ਪੜ੍ਹਿਆ, ਸ਼ਾਇਦ ਤੁਸੀਂ ਅਨਪੜ੍ਹ ਹੋ?

ਮਰੀਜ਼: ਜੀ ਮੈਂ ਤਾਂ ਪੜ੍ਹਿਆ ਹੋਇਆ ਹਾਂ ਪਰ ਜਿਸ ਕੁੱਤੇ ਨੇ ਮੈਨੂੰ ਕੱਟਿਆ ਹੈ, ਉਹ ਜ਼ਰੂਰ ਅਨਪੜ੍ਹ ਹੋਵੇਗਾ।

-ਬਲਵਿੰਦਰ ਕੌਰ


Thinking of Buying or Selling



ਆਪਣੀ ਜਾਇਦਾਦ ਦੀ ਸਹੀ ਕੀਮਤ ਜਾਨਣ ਲਈ ਅਤੇ ਕਿਸੇ ਭੀ ਕਿਸਮ ਦੀ ਜਾਇਦਾਦ ਖ੍ਰੀਦਣ ਜਾਂ ਵੇਚਣ ਤੋਂ ਪਹਿਲਾਂ ਜ਼ਰੂਰ ਮਿਲੋ ਜਾਂ ਫ਼ੋਨ ਕਰੋ:

*For The Best Selection & 100% Satisfaction*

NIRMAL (Neil) DHALIWAL

Bus: 588-9955 Res: 597-2069

Specializing in: Lots, New Homes, Investment Properties, Farms, Industrial & Commercials

ਨਿਰਮਲ ਸਿੰਘ ਧਾਲੀਵਾਲ

LAKEVIEW REALTY LTD.

10732 KING GEORGE HWY., SURREY, B.C. V3T 2X7

WORKING 100% FOR YOU





ਜਸਬੀਰ ਕੌਰ ਨਰਵਾਲ
B.A. (U.B.C.) A.I.B. I & II

PROTECT YOURSELF WITH

SOLD INSURANCE PROTECTION

● ਘਰਾਂ ਦੀ ਇਨਸ਼ੋਰੈਂਸ ● ਲਾਈਫ ਇਨਸ਼ੋਰੈਂਸ
● ਬਿਜ਼ਨਿਸ ਦੀ ਇਨਸ਼ੋਰੈਂਸ ● ਐਕਸੀਡੈਂਟ ਤੇ ਸਿਕਨਸ
● ਕਮਰਸ਼ੀਅਲ ਇਨਸ਼ੋਰੈਂਸ ● ਕਾਰਾਂ, ਟਰੱਕਾਂ ਤੇ ਵੈਨਾਂ ਆਦਿ ਦੀ ਇਨਸ਼ੋਰੈਂਸ
● ਵਿਜ਼ਟਰ ਇਨਸ਼ੋਰੈਂਸ

ਨਰਵਾਲ ਇਨਸ਼ੋਰੈਂਸ ਸਰਵਿਸਿਜ਼ ਲਿ:
MURRICK INSURANCE SERVICES LTD.



ਪ੍ਰਿਤਪਾਲ ਸਿੰਘ ਨਰਵਾਲ

ਪ੍ਰਿਤਪਾਲ ਸਿੰਘ ਨਰਵਾਲ
ਨੋਟਰੀ ਪਬਲਿਕ
ਬੀ. ਏ. (ਪੰਜਾਬ) ਐਲ. ਐਲ. ਬੀ. (ਹਰਿਆਣਾ
ਸਾਬਕਾ ਐਡਵੋਕੇਟ ਤੇ ਓਥ.ਕਮਿਸ਼ਨਰ

ਹੇਠ ਲਿਖੇ ਕੰਮ ਤਸੱਲੀਬਖਸ਼ ਕੀਤੇ ਜਾਂਦੇ ਹਨ:
● ਘਰ ਵੇਚਣ ਤੇ ਖ੍ਰੀਦਣ ਦੇ ਕਾਗਜ਼ ਤਿਆਰ ਕਰਨੇ
● ਮੌਰਗੇਜ਼ ਸੰਬੰਧੀ ਹਰ ਤਰ੍ਹਾਂ ਦੇ ਕਾਗਜ਼ ਤਿਆਰ ਕਰਨੇ
● ਹਲਫੀਆ ਬਿਆਨ ਲੈਣੇ ● ਪਾਸਪੋਰਟ ਜਾਂ ਫੋਟੋ ਅਟੈਸਟ ਕਰਨੀਆਂ
● ਕਮਰਸ਼ੀਅਲ ਕਨਟਰੈਕਟ ਬਣਾਉਣੇ ● ਮੁਖਤਿਆਰਨਾਮੇ ਤਿਆਰ ਕਰਨੇ
● ਵਸੀਅਤ ਆਦਿ ● ਲੀਜ਼ ਦੇ ਕਾਗਜ਼ ਬਣਾਉਣੇ
● ਇੰਡੀਆ ਦੇ ਕਾਨੂੰਨ ਬਾਰੇ ਜਾਣਕਾਰੀ ਤੇ ਸਲਾਹ ● ਬੱਚੇ ਅਡਾਪਟ (ਗੋਦ ਲੈਣਾ) ਕਰਨਾ

Ph. 325-4744
6415 MAIN ST. (at 48th., Ave.) VANCOUVER, B.C.

# ਜਸਵੰਤ ਸਿੰਘ 'ਕੰਵਲ' ਬਨਾਮ ਦਹਿਸ਼ਤਗਰਦ

ਸੱਚ ਜੋ ਪੜਦੇ ਫਾੜ ਕੇ ਵੀ ਬਾਹਰ ਆ ਜਾਂਦਾ ਹੈ। ਸੱਚ ਬੜਾ ਡਾਢਾ ਹੈ ਸਿਰ ਚੜ੍ਹ ਕੇ ਗੂੰਜਦਾ ਹੈ। ਇਸ ਦਾ ਤਾਜ਼ਾ ਸਬੂਤ "ਅਜੀਤ" ਦੁਆਰਾ ਪ੍ਰਕਾਸ਼ਤ ਜਸਵੰਤ ਸਿੰਘ ਕੰਵਲ ਦਾ ਲੇਖ 'ਇਕ ਅਪੀਲ ਖਾੜਕੂ ਸਿੰਘ ਜਥੇਬੰਦੀਆਂ ਦੇ ਨਾਂਅ

ਉਹ ਉਹਨਾਂ ਨੂੰ ਪੁੱਛਦਾ ਹੈ, 'ਦਸੋ ਤੁਹਾਡੇ ਆਪਹੁਦਰੇ (ਜਬਤਹੀਣ) ਕਾਰਨਾਮੇ ਕਾਰਨ ਸਾਰੀ ਕੌਮ ਦੇ ਮੱਥੇ ਦੇ ਕਲੰਕ ਲੱਗਾ ਕਿ ਨਹੀਂ..."

"ਸਰਬੱਤ ਦੇ ਭਲੇ ਲਈ ਲੋਕ ਹਮੇਸ਼ਾ ਅਗੇ ਆਉਂਦੇ ਰਹੇ ਐ, ਕਿਸੇ ਗੱਲ ਦਾ ਵੀ ਘਾਟਾ ਨਹੀਂ ਰਿਹਾ। ਤੁਸੀਂ ਇਸ ਪੈਂਤੜੇ ਤੋਂ ਉਖੜ ਗਏ ਹੋ ...।

"ਇਹਨਾਂ ਢੰਗ ਤਰੀਕਿਆਂ ਨਾਲ ਲੜਦੇ ਤੁਸੀਂ ਅਵਸ਼ ਮਰੋਗੇ। ਪੰਜਾਬ ਤੇ ਕੌਮ ਦਾ ਪੂਰਾ ਨੁਕਸਾਨ ਹੋਵੇਗਾ। ਜੇ ਲੋਕ ਨਾਲ ਨਾ ਹੋਣ ਤਾਂ ਮੋਟੀ ਅਕਲ ਵਾਲੀ ਜਥੇਬੰਦੀ ਵੀ ਜਦੋਜਹਿਦ ਮੁਲਤਵੀ ਕਰ ਦੇਂਦੀ ਹੈ। ਸਰਕਾਰ ਵਿਰੋਧੀ ਅਤੇ ਬਾਗੀਆਂ ਲਈ ਲੋਕ ਬੁਨਿਆਦੀ ਸ਼ਕਤੀ ਹੁੰਦੀ ਹੈ, ਤੁਸਾਂ ਇਸ ਗੱਲ ਨੂੰ ਗੌਲਿਆ ਹੀ ਨਹੀਂ।"

"ਤੁਸਾਂ ਇਕ ਮੁਖਬਰ ਦੀ ਸਜ਼ਾ ਸਾਰੇ ਪਰਿਵਾਰ ਨੂੰ ਦੇਣੀ ਸ਼ੁਰੂ ਕਰ ਦਿੱਤੀ ਹੈ। ਜਿਹਨਾਂ ਵਿਚ ਬੱਚੇ ਬੁੱਢੇ ਤੇ ਜਨਾਨੀਆਂ ਵੀ ਸ਼ਾਮਲ ਸਨ। ਤੁਸੀਂ ਦਸੋ ਕਿ ਲੋਕਾਂ ਦੀ ਹਮਦਰਦੀ ਮਰਨ ਵਾਲੇ ਮਾਸੂਮਾਂ ਨਾਲ ਹੋਵੇਗੀ ਜਾਂ ਕਾਤਲਾਂ ਨਾਲ ?"

ਮਾਸੂਮਾਂ ਦੀਆਂ ਡਾਡਾਂ ਅਤੇ ਜਨਾਨੀਆਂ ਦੇ ਦਰਦ ਭਰੇ ਵੈਣਾਂ ਨੇ ਤੁਹਾਡੇ ਨਾਲੋਂ ਲੋਕਾਂ ਦੇ ਨਾਤੇ ਪਰ੍ਹਾਂ ਵਗਾਹ ਮਾਰੇ ਹਨ। ਲੋਕ ਤੁਹਾਡੇ ਨਾਲੋਂ ਭੁਰਦੇ ਗਏ ਤੇ ਤੁਸੀਂ ਇਕੱਲੇ ਹੁੰਦੇ ਗਏ। ਲੋਕਾਂ ਤੁਹਾਡੇ ਰਾਹ ਨੂੰ ਗਲਤ ਆਖਣਾ ਸ਼ੁਰੂ ਕਰ ਦਿੱਤਾ। ਆਵਾਜ਼ੇ ਖਲਕ ਨਕਾਰਾ ਏ ਖੁਦਾ। ਤੁਹਾਡੀ ਸੋਚ ਨੂੰ ਝੱਟ ਮੋੜ ਕੱਟਣਾ ਚਾਹੀਦਾ ਸੀ ਪਰ ਸਾਹਨ ਵਾਲੀ ਅੜੀ ਨਾ ਛੱਡੀ...।

"...ਪ੍ਰਾਪਤੀ ਲਈ ਨਾ, ਬਦਨਾਮੀ ਤੇ ਲਾਹਨਤ ਵੱਲ ਪੈ ਗਈਆਂ ਇਹਨਾਂ ਇਤਿਹਾਸਕ ਭੁੱਲਾਂ ਦਾ ਹਾਲੇ ਵੀ ਅਹਿਸਾਸ ਨਹੀਂ ਹੋਇਆ ?"

ਉਹ ਆਖਦਾ ਹੈ :—

"ਸਿੱਖਾਂ ਦਾ ਇਤਿਹਾਸ ਕਮਜ਼ੋਰਾਂ ਨੂੰ ਜ਼ਾਲਮਾਂ ਤੋਂ ਬਚਾਉਣ ਅਤੇ ਜਾਬਰਾਂ ਹੱਥੋਂ ਕੁੜੀਆਂ ਨੂੰ ਛੁਡਾਉਣ ਦੀ ਹਾਮੀ ਭਰਦਾ ਹੈ ਤੇ ਵਿਲੱਖਣ ਥਾਂ ਪੈਦਾ ਕਰਦਾ ਰਿਹਾ ਹੈ। ਪਰ ਤੁਹਾਡੇ ਬਦਲੇ ਦੀ ਭਾਵਨਾ ਐਨੀ ਅੰਨ੍ਹੀ ਹੋ ਗਈ ਕਿ ਆਪਣੇ ਪਰਾਏ ਦੀ ਪਛਾਣ ਵੀ ਭੁੱਲ ਗਈ। ਏਥੇ ਆ ਕੇ ਉਕੇ ਹੀ ਨਹੀਂ ਸਮਝੋਂ ਵੀ ਉਖੜ ਖਲੋਤੇ। ਤੁਹਾਨੂੰ ਸਰਕਾਰ ਨੇ ਨਹੀਂ ਹਰਾਇਆ, ਤੁਹਾਡੀ ਮਾਰੂ ਨੀਤੀ ਤੇ ਗਲਤ ਪੈਂਤੜਿਆਂ ਨੇ ਪਟਕਾਇਆ ਹੈ। ਕੀ ਹਾਲੇ ਵੀ ਇਹ ਲਾਈਨ ਨਹੀਂ ਛੱਡੋਗੇ ?

ਖਾਲਿਸਤਾਨ ਸਿੱਖਾਂ-ਪੰਜਾਬੀਆਂ ਦੇ ਹੱਕ ਵਿਚ ਨਹੀਂ, ਜੇ ਹੱਕ ਵਿਚ ਹੈ ਤਾਂ ਸਮਝਾ ਦਿਓ। ਸਿੱਖ ਕੌਮ ਕਮਾਊ ਤੇ ਟੈਕਨੀਕਲ ਹੱਥਾਂ ਵਲੋਂ ਸਚਿਆਰੀ ਕੌਮ ਹੈ। ਇਸ ਨੂੰ ਵਧਣ ਫੁਲਣ ਲਈ ਖਾਲਿਸਤਾਨ ਬਹੁਤ ਸੌੜਾ ਹੈ।"

"...ਸੋ ਆਪਣੇ ਲਾਭ ਲਈ ਪੈਂਤੜਾ ਬਦਲੋ। ਬੰਦੂਕ ਤੁਹਾਨੂੰ ਅਸਲੋਂ ਨਿਹੱਥਾ ਕਰ ਦੇਵੇਗੀ.."

'..ਜੇ ਕੁਰਬਾਨੀ ਦਿੱਤਿਆਂ ਕੌਮ ਜੁੜਦੀ ਹੋਵੇ ਬਲ ਫੜਦੀ ਹੋਵੇ ਪੈਂਤੜਾ ਸਹੀ ਨਹੀਂ ਅਸਲੋਂ ਗਲਤ। ਮੈਂ ਸੰਤ ਜਰਨੈਲ ਸਿੰਘ ਨੂੰ ਵੀ ਬੇਨਤੀ ਕੀਤੀ ਸੀ : ਹਾਲੇ ਟੱਕਰ ਦਾ ਰਾਹ ਗਲਤ ਹੈ। ਅਕਾਲ ਤਖਤ ਤੋਂ ਬਾਹਰ ਆ ਕੇ ਕੌਮ ਨੂੰ ਜੋੜੋ। ਤਿਆਰ ਕਰੋ। ਦੁਸ਼ਮਣ ਦੀਆਂ ਸਫਾਂ ਵਿਚ ਪਾੜ ਪਾਓ ਤੇ ਕਮਜ਼ੋਰੀਆਂ ਤੋਂ ਲਾਭ ਉਠਾਓ। ਉਹ ਨਹੀਂ ਮੰਨੇ। ਆਪਣੀ ਗੱਲ ਤੇ ਅੜੇ ਰਹੇ। ਤੁਸੀਂ ਵੀ ਉਥੇ ਖਲੋਤੇ ਹੋ। ਭਿਆਨਕ ਹਾਦਸਿਆਂ ਦਾ ਕੋਈ ਪ੍ਰਭਾਵ ਨਹੀਂ ਲਿਆ। ਇਸ ਸਾਹਮਣੀ ਟੱਕਰ ਵਿਚੋਂ ਕੌਮ ਟੁੱਟਦੀ ਹੈ। ਬਦਨਾਮੀ ਸਿਰ ਵਾਧੂ ਮੜ੍ਹੀ ਜਾ ਰਹੀ ਹੈ।' ਬੰਦੂਕ ਹਮੇਸ਼ਾ ਨਹੀਂ ਜੋੜਦੀ। ਮਲੂਮ ਲੋਕਾਂ ਨੂੰ ਆਪਦੇ ਬਣਾਉਂਦੀ ਹੈ। ਲਹੂ ਵਗਦੇ ਫੱਟ ਲੋਕਾਂ ਵਿਚ ਨਫਰਤ ਫੈਲਾਉਂਦੇ ਹਨ। ਸਿੱਖੀ ਸਰਬਤ ਦੇ ਭਲੇ ਦੇ ਸਿਧਾਂਤ ਉਤੇ ਉਸਰੀ ਹੈ। ਗੁਰੂ ਦਾ ਵਿਰੁਧ 'ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਸਿੱਖੀ ਅਸੂਲਾਂ ਤੋਂ ਭੱਜ ਕੇ ਕਿਥੇ ਜਾਵੋਗੇ? ਨਾ ਲੋਕ ਝਲਣ ਨਾ ਪਰਲੋਕ। ਭਾਈ ਕਨ੍ਹਈਏ ਨੂੰ ਸਿੱਖ ਮੰਨਣੋ ਕਿਵੇਂ ਇਨਕਾਰ ਕਰੋਗੇ। ਅਜ ਦੇ ਹਾਲਾਤ ਤੁਹਾਡੇ ਦੁਆਲੇ ਕੰਡਿਆਲੀ ਵਾੜ ਬਣ ਖਲੋਤੇ ਹਨ। ਸਚ ਇਹ ਹਾਲਾਤ ਤੁਹਾਨੂੰ ਕਤਈ ਵਫਾ ਨਹੀਂ ਕਰਨਗੇ। ਪਿਉਆਂ ਦੀ ਦਾੜ੍ਹੀ ਕੌਮ ਦਾ ਅਮਾਨਤੀ ਵਿਰਸਾ ਹੈ। ਇਸ ਨੂੰ ਕਿਉਂ ਪੁਟਵਾਉਂਦੇ ਹੋ। ਤੁਹਾਡੇ ਉਖੜੇ ਕਦਮਾਂ ਤੇ ਗਲਤ ਸੋਚ ਨੇ ਪੰਜਾਬ ਅਤੇ ਸਿੱਖ ਕੌਮ ਦਾ ਬਹੁਤ ਨੁਕਸਾਨ ਕਰ ਦਿੱਤਾ ਹੈ। ਜੇ ਹੋਰ ਇੰਤਹਾ ਹੋਈ ਤਦ ਦੁਖੀ ਹੋਏ ਪਿਓ ਆਪ ਆਪਣੇ ਪੁਤਰਾਂ ਨੂੰ ਮਾਰਨਾ ਸ਼ੁਰੂ ਕਰ ਦੇਣਗੇ। ਜਦੋਂ ਚਾਰੇ ਵਾਵਾਂ ਖਿਲਾਫ ਹੋਣ ਤੁਸੀਂ ਕੀਹਦੇ ਬਲਬੋਤੇ ਲੜੋਗੇ।

"ਜਿਹਨਾਂ ਅਨਾੜੀਆਂ ਨੂੰ ਪਾਕਿਸਤਾਨ ਦੀ ਮੱਦਦ ਦਾ ਭੁਲੇਖਾ ਹੈ ਉਹ ਹੁਣ ਤੱਕ ਦੇ ਨਤੀਜਿਆਂ ਵੱਲ ਪਹਿਲਾਂ ਝਾਤ ਮਾਰ ਕੇ ਵੇਖ ਲੈਣ ਪਾਕਿਸਤਾਨ ਨੇ ਥੋੜੀ ਜਿੰਨੀ ਚੂੰ ਚਰਾਂ ਵੀ ਕੀਤੀ ਚਾਰ ਹਿਸਿਆਂ ਵਿਚ ਯਕੀਨਨ ਵੰਡ ਹੋ ਜਾਵੇਗਾ। ਉਸਦੀ ਆਪਣੀ ਅੰਦਰੂਨੀ ਹਾਲਤ ਕਈ ਪੱਖਾਂ ਤੋਂ ਗੜਬੜਾਈ ਹੋਈ ਹੈ। ਉਹ ਬੰਗਲਾ ਦੇਸ਼ ਦਾ ਬਦਲਾ ਤੇ ਕਸ਼ਮੀਰ ਦੀ ਲਾਲਸਾ ਨੂੰ ਮੁਖ ਰਖਦਿਆਂ ਤੁਹਾਨੂੰ ਕੁਰਬਾਨੀ ਦਾ ਬੱਕਰਾ ਬਣਾ ਰਿਹਾ ਹੈ। ਇਹ ਕਾਇਦੇ ਦੀ ਗੱਲ ਹੈ ਦੁਸ਼ਮਣ ਮੁਲਕ ਇਕ ਦੂਜੇ ਦੀਆਂ ਵਿਰੋਧਤਾਈਆਂ ਤੋਂ ਲਾਭ ਉਠਾਉਂਦੇ ਹੀ ਹਨ ਤੇ ਫਿਰ ਪਾਲੇ ਹੋਏ ਵਿਰੋਧੀਆਂ ਦੀ ਬਲੀ ਪਹਿਲੋਂ ਚੜ੍ਹਦੀ ਹੈ। ਪਾਕਿਸਤਾਨ ਦੇ ਰਾਜਨੀਤਕ ਅਤੇ ਆਰਥਕ ਹਾਲਤ ਅਜਿਹੇ ਨਹੀਂ ਕਿ ਉਹ ਤੁਹਾਡੀ ਖਾਤਰ ਨਾਲ ਜੰਗ ਦਾ ਪੰਗਾ ਲੈ ਕੇ ਆਪਣੀ ਧੌਣ ਭੰਨਾ ਲਵੇ। ਇਕ ਮਿੰਟ ਲਈ ਇਹ ਵੀ ਮੰਨ ਲੈਂਦੇ ਆਂ ਅਮਰੀਕਾ ਪਾਕਿਸਤਾਨ ਦੀ ਮੱਦਦ ਤੇ ਆ ਜਾਵੇਗਾ। (ਜਿਹੜਾ ਕਿ ਅਸਲੋਂ ਨਾ ਮੁਮਕਨ ਹੈ) ਫਿਰ ਰੂਸ ਭਾਰਤ ਲਈ ਨਹੀਂ ਬਹੁੜੇਗਾ। ਸੰਸਾਰ ਜੰਗ ਦਾ ਭਾਰ ਚੁਕਣ ਜੋਗਾ ਹੈ ਪੰਜਾਬ। ਬੰਦੇ ਤਾਂ ਕੀ ਐਟਮ ਹਾਈਡਰੋਜਨ ਬੰਬਾਂ ਹੇਠਾਂ ਇਹਦੀ ਮਿੱਟੀ ਵੀ ਜਿਉਂਦੀ ਨਹੀਂ ਰਹੇਗੀ। ਪਾਕਿਸਤਾਨ ਆਪਣੇ ਹਿੱਤਾਂ ਲਈ ਸੋਚਦਾ ਪਹਿਲਾਂ ਤੁਹਾਡੀ ਕੁਰਬਾਨੀ ਦੇਵੇਗਾ।"

"ਕੋਈ ਮੂਰਖ ਵੀ ਆਪਣੇ ਆਪ ਨੂੰ ਅੱਗ ਨਹੀਂ ਲਾਉਂਦਾ। ਤੁਸੀਂ ਮਰਦੇ ਹੋ ਮਰੀ ਜਾਓ। ਉਹਦੀ ਤੀਲੀ ਭਾਰਤ ਦਾਹ ਨਹੀਂ ਕਰ ਸਕੇਗੀ। ਪਰ ਤੁਹਾਡਾ ਤਾਂ ਬਚੇਗਾ ਈ ਕੁਝ ਨਹੀਂ। ਜ਼ਰਾ ਸੋਚੋ। ਇਸ ਹਾਲਾਤ ਵਿਚ ਕੌਮ ਨੂੰ ਬਲਦੀ ਦੇ ਬੂਥੇ ਦੇਣ ਦਾ ਤੁਹਾਨੂੰ ਕੋਈ ਅਧਿਕਾਰ ਹੈ ? ਠੰਡੇ ਦਿਲ ਨਾਲ ਬੁਕਲ 'ਚ ਮੂੰਹ ਪਾ ਕੇ ਪਹਿਲੇ ਨਤੀਜਿਆਂ ਉਤੇ ਝਾਤ ਮਾਰ ਲਵੋ। ਫਿਰ ਭਵਿਖ ਦੇ ਹਸ਼ਰ ਦਾ ਖਿਆਲ ਕਰੋ। ਚਾਨਣ ਆਪਣੇ ਆਪ ਅੱਗੇ ਆ ਜਾਵੇਗਾ।

"ਹਰਿਮੰਦਰ ਸਾਹਿਬ ਦੀ ਅਪਵਿਤਰਤਾ ਤੇ ਅਕਾਲ ਤਖਤ ਦੇ ਮਲਵੇ ਵਿਚੋਂ ਮਨੁੱਖ ਲਾਸ਼ਾਂ ਦੇ ਨਿਕਲਣ ਨੇ ਸਿੱਖ ਇਤਿਹਾਸ ਦਾ ਮੂੰਹ ਕਾਲਾ ਕਰ ਦਿੱਤਾ ਹੈ। ਬਾਹਾਂ ਖੜ੍ਹੀਆਂ ਕਰ ਕੇ ਬਾਹਰ ਆਉਣ ਵਾਲਿਆਂ ਨੇ ਸਿੱਖ ਤਾਰੀਖ ਨੂੰ ਪੁਠਾ ਗੇੜਾ ਦੇ ਧਰਿਆ।

ਉਹ ਜ਼ੋਰ ਦੇ ਕੇ ਕਹਿੰਦਾ ਹੈ :—

"ਤੁਹਾਡੀ ਸੋਚ ਦਾ ਕਿਲ੍ਹਾ ਪਹਿਲਾਂ ਹੀ ਕੱਚਾ ਸੀ ਵਫਾ ਕਿਵੇਂ ਕਰਦਾ।"

ਉਹ ਸੁਆਲ ਕਰਦਾ ਹੈ।

"ਤੁਸੀਂ ਦੁਖਾਂਤ ਦੇ ਮੂੰਹ ਵਿਚ ਆ ਚੁੱਕੇ ਹੋ ਇਸ ਘੇਰੇ ਵਿਚੋਂ ਨਿਕਲਣ ਲਈ ਕੀ ਕਰਨਾ ਚਾਹੀਦਾ ਹੈ ?

ਤੇ ਫਿਰ ਆਪੇ ਉਤਰ ਦੇਂਦਾ ਹੈ :—

ਸਭ ਤੋਂ ਪਹਿਲਾਂ ਹਰ ਤਰ੍ਹਾਂ ਦੀ ਮਾਰ ਧਾੜ ਤੋਂ ਤੋਬਾ ਕਰਕੇ ਗੋਲੀ ਬੰਦੀ ਦਾ ਐਲਾਨ ਕਰੋ।'

ਉਹਦੇ ਲੇਖ ਦੇ ਅੰਤ ਸ਼ਬਦ ਹਨ :—

"ਸੰਭਲਣ ਦਾ ਆਖਰੀ ਕੌਮਾ ਨਾ ਗਵਾਓ। ਫੇਰ ਫੇਰ ਸ਼ਾਇਦ ਕਦੇ ਨਾ ਆਵੇ।"


L/R LAKEVIEW REALTY LTD. DELTA 590-3231

7909 SCOTT RD. DELTA

HAVE YOUR DREAM HOME BUILT IN

A NEW QUALITY- CONTROLLED 21-LOT SUBDIVISION

on 124 St. and 73A Ave., Surrey.

Your plan or ours.

Call as quickly as possible to reserve your lot.

If you have any size, sub-dividable land, please give me a call to find out how to get the best price.

DALJIT (DALE) TOOR Res. 594-7629, Pager 645-9504

ਸਰੀ ਗੁਰਦੁਆਰੇ ਦੇ ਨੇੜੇ 21 ਲਾਟਾਂ ਦੀ ਸਬ ਡਵੀਜ਼ਨ ਵਿਚ ਆਪਣੀ ਮਨਪਸੰਦ ਦਾ ਘਰ ਬਣਵਾਉਣ ਲਈ ਜਲਦੀ ਤੋਂ ਜਲਦੀ ਫ਼ੋਨ ਕਰੋ :

ਦਲਜੀਤ ਸਿੰਘ ਤੂਰ

ਘਰ : 594-7629

ਦਫ਼ਤਰ : 590-3231

ਸਿੱਧਾ ਪੇਜਰ : 645-9504

# ROYAL FURNITURE LTD.

2607 Main St., VANCOUVER, B.C. (Main & 10th Ave.)

## Stock Clearance Sale

AT

YOUR NEIGHBORHOOD FURNITURE BARGAIN STORE

41st ਐਨੀਵਰਸਰੀ ਸੇਲ ਲੱਗ ਗਈ ਤੁਹਾਡੀ ਕਮਿਊਨਿਟੀ ਦੇ ਮਸ਼ਹੂਰ ਫਰਨੀਚਰ BARGAIN STORE ਰੋਇਲ ਫਰਨੀਚਰ 'ਤੇ



COLONIAL LIVING ROOM SUITE

Pilloswarm Bench Cushion

All 3 Pieces

100% Nylon Fabric, Lifetime Warranty on frame construction

YOU GET ■ Sofa ■ Loveseat ■ Chair

$795

Visit Our Showroom

Lowest Prices in Town



Matches Your Waterbed

PINE BEDROOM SUITE

4 Pieces

YOU GET : ■ Headboard ■ Dresser ■ Hutch ■ 1 Night Stand ■ Chest available

■ Footboard & Rails available

■ Similar to illustration

$388

WE HAVE GOT :

- Wide variety in Dining room suites and Dinnets.
- Bedroom suites in PINE and SOLID OAK at factory wholesale prices.
- Best selection in SOFA SETS, CHESTER FIELD and HID-A-BED.
- All type of Mattresses by Brand Name — SEALY, GRANGE, RESTONIC, SIMMONS and POSTURE BEAUTY.
- YOU NAME IT AND WE GOT IT.

7 Pc.

$429.98



7 Pc. Solid Bedroom Suite

From $595



3 Pc. Pillow Back, Comfortable, Lifetime Warranty on frame construction

YOU GET: ■ Sofa ■ Chair ■ Love Seat

$999



SAVE UP TO 50% ON MATTRESS SETS!

| | 39" Twin Set | 54" Double Set | 60" Queen Set |
|---|---|---|---|
| POSTURE BEAUTY | $139 Both Pcs. | $169 Both Pcs. | $239 Both Pcs. |
| SEALY | $229 Both Pcs. | $289 Both Pcs. | $329 Both Pcs. |
| RESTONIC | $199 Both Pcs. | $279 Both Pcs. | $299 Both Pcs. |



9 Pc. TRADITIONAL DINING ROOM SUITE

YOU GET : ■ Hutch ■ Buffet ■ Table with Leaf ■ 4 Side Chairs ■ 2 Arm Chairs

$1988

ਅਸੀਂ ਕਿਸੇ ਦੀ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ 5% ਨਾਲ ਬੀਟ ਕਰਾਂਗੇ!

LOWEST PRICES GUARANTEED

ROYAL FURNITURE LTD.

2607 MAIN STREET (at 10th. AVE.), VANCOUVER, B.C.

VISA

TEL. 874-9525

MasterCard

MASTER CARD VISA ACCEPTED



# ਸਾਹਿਤ ਤੇ ਕਲਾ



## ਕਹਾਣੀ

# ਸ਼ਸ਼ੋਪੰਜ

**ਰਣਜੀਤ ਮਾਧੋਪੁਰੀ**

ਸ਼ਸ਼ੋਪੰਜ ਇਹ ਸੀ ਕਿ ਉਨ੍ਹਾਂ ਦੋਹਾਂ ਗੁਆਂਢੀਆਂ ਦੀਆਂ ਨੇਮ-ਪਲੇਟਾਂ ਇਕ ਦਮ ਇਕ ਦੂਜੀ ਨਾਲ ਮਿਲਦੀਆਂ ਸਨ। ਲੈਫਟ ਵਾਲੀ ਕੋਠੀ ਵੀ ਡਾ. ਆਰ. ਐਸ. ਬਤਰਾ ਦੀ ਤੇ ਰਾਈਟ ਵਾਲੀ ਕੋਠੀ ਵੀ ਡਾ. ਆਰ. ਐਸ. ਬਤਰਾ ਦੀ; ਪ੍ਰੰਤੂ ਲੈਫਟ ਵਾਲੇ ਬਤਰਾ ਸਾਹਿਬ ਸਿੱਖ ਸਨ ਤੇ ਸੱਚੀਮੁਚੀ ਦੇ ਐਮ. ਬੀ. ਬੀ. ਐਸ. ਡਾਕਟਰ ਸਨ ਪਰ ਰਾਈਟ ਵਾਲੇ ਬਤਰਾ ਸਾਹਿਬ ਹਿੰਦੂ ਸਨ ਤੇ ਪੀ. ਐਚ. ਡੀ. ਹੋਣ ਕਰਕੇ ਲਿਖਦੇ ਸਨ — ਡਾ. ਆਰ. ਐਸ ਬਤਰਾ, ਯਾਨੀ ਡਾ. ਰਾਧੇ ਸ਼ਾਮ ਬਤਰਾ। ਲੈਫਟ ਵਾਲੇ ਬਤਰਾ ਸਾਹਿਬ ਦਾ ਇਸ ਸ਼ਹਿਰ 'ਚ ਇਕੋ ਇਕ ਵੱਡਾ ਕਲੀਨਿਕ ਸੀ ਤੇ ਉਹ ਸਨ ਡਾ. ਰਣਜੀਤ ਸਿੰਘ ਬਤਰਾ।

ਇੰਜ ਕਈ ਵਾਰ ਹੋਇਆ ਕਿ ਕੋਈ ਅਜਨਬੀ ਮਿੱਤਰ ਲੈਫਟ ਵਾਲੇ ਬਤਰਾ ਸਾਹਿਬ ਦੇ ਜਾਣ ਦੀ ਥਾਂ ਰਾਈਟ ਵਾਲੇ ਬਤਰਾ ਸਾਹਿਬ ਦੇ ਚਲੇ ਜਾਂਦਾ ਤੇ ਜਾਂ ਫਿਰ ਕੋਈ ਰਾਈਟ ਵਾਲੇ ਬਤਰਾ ਸਾਹਿਬ ਦਾ ਪਤਾ ਪੁੱਛਦਾ ਪੁਛਾਉਂਦਾ ਲੈਫਟ ਵਾਲੇ ਬਤਰਾ ਸਾਹਿਬ ਦੇ ਜਾ ਧਮਕਦਾ। ਡਾਕੀਆ ਵੀ ਬਹੁਤ ਵਾਰੀ ਹੇਰ-ਫੇਰ ਖਾ ਚੁਕਾ ਸੀ ਤੇ ਇਧਰ ਦੀਆਂ ਚਿੱਠੀਆਂ ਓਧਰ ਤੇ ਓਧਰ ਦੀਆਂ ਇਧਰ ਦੇ ਲੈਟਰ ਬਕਸ ਵਿਚ ਪਾ ਦਿੰਦਾ। ਇਹੋ ਜਿਹੇ ਕਈ ਕਾਰਨ ਸਨ ਜਿਨਾਂ ਕਰਕੇ ਦੋਹਾਂ ਬਤਰਿਆਂ ਦੀ ਸਾਂਝ ਦਿਨੋਂ ਦਿਨ ਵਧਦੀ ਜਾ ਰਹੀ ਸੀ ਸਗੋਂ ਇਹ ਨੇੜਤਾ ਇਥੋਂ ਤੱਕ ਪਹੁੰਚ ਗਈ ਕਿ ਡਾ. ਰਣਜੀਤ ਸਿੰਘ ਨੇ ਰਾਧੇ ਸ਼ਾਮ ਦੀ ਵੱਡੀ ਲੜਕੀ ਦੀ ਸ਼ਾਦੀ ਤੇ ਰੰਗੀਨ ਟੈਲੀਵੀਜ਼ਨ ਦਿੱਤਾ ਸੀ ਤੇ ਹੁਣ ਰਾਧੇ ਸ਼ਾਮ ਵੀ ਸੋਚਦਾ ਸੀ ਜਦੋਂ ਡਾ. ਰਣਜੀਤ ਸਿੰਘ ਦੀ ਲੜਕੀ ਦਾ ਵਿਆਹ ਹੋਇਆ ਤਾਂ ਉਹ ਕੋਈ ਨਾ ਕੋਈ ਗਹਿਣਾ ਅਵਸ਼ ਪਾਏਗਾ।

ਦੋਹਾਂ ਬਤਰਿਆਂ ਦੇ ਬੱਚੇ ਇਕ ਦੂਜੇ ਦੇ ਚੰਗੇ ਮਿੱਤਰ ਸਨ, ਦੋਹਾਂ ਦੀਆਂ ਪਤਨੀਆਂ ਦਾ ਆਪਸ ਵਿਚ ਗੂੜ੍ਹਾ ਸਹੇਲਪੁਣਾ ਸੀ। ਰਾਧੇ ਸ਼ਾਮ ਹੁਣੀ ਕਈ ਵਾਰ ਡਾ. ਰਣਜੀਤ ਸਿੰਘ ਨੂੰ ਆਪਣੇ ਘਰ ਰੋਟੀ 'ਤੇ ਬੁਲਾ ਚੁਕੇ ਸਨ। ਡਾ. ਰਣਜੀਤ ਸਿੰਘ ਹੁਣੀ ਤਾਂ ਇਥੋਂ ਤੱਕ ਸੋਚਦੇ ਸਨ ਕਿ ਉਹ ਆਪਣੀ ਦੋਸਤੀ ਨੂੰ ਕਿਸੇ ਰਿਸ਼ਤੇ ਵਿਚ ਬਦਲ ਦੇਣ। ਉਹ ਦੋਵੇਂ ਹੀ ਅਜਿਹਾ ਹੋਰ ਵੀ ਬਹੁਤ ਕੁਝ ਸੋਚਦੇ ਸਨ ਕਿ ਇਹ ਸਭ ਕੁਝ ਹੁੰਦਿਆਂ ਇਕ ਅਣਹੋਣੀ ਗੱਲ ਹੋ ਗਈ।

ਹੋਇਆ ਇੰਜ ਕਿ ਜਦੋਂ ਹੀ ਡਾ. ਰਣਜੀਤ ਸਿੰਘ ਨੇ ਆਪਣਾ ਲੈਟਰ ਬਕਸ ਖੋਲ੍ਹਿਆ ਤਾਂ ਉਸ ਵਿਚੋਂ ਇਕ ਬਿਨਾਂ ਟਿਕਟ ਵਾਲਾ ਚਿੱਟਾ ਲਿਫਾਫਾ ਨਿਕਲਿਆ ਜਿਸ ਉਤੇ ਸਿਰਫ ਏਨਾ ਹੀ ਲਿਖਿਆ ਹੋਇਆ ਸੀ, 'ਡਾ. ਆਰ. ਐਸ. ਬਤਰਾ ਨੂੰ ਮਿਲੇ।' ਉਨ੍ਹਾਂ ਨੇ ਜਦੋਂ ਇਹ ਲਿਫਾਫਾ ਖੋਲ੍ਹ ਕੇ ਪੜ੍ਹਿਆ ਤਾਂ ਉਨ੍ਹਾਂ ਦੇ ਹੱਥਾਂ ਦੇ ਤੋਤੇ ਤਾਂ ਕੀ ਸਭ ਕੁਝ ਉਡ ਗਿਆ। ਇਹ ਖਤ ਉਗਰਵਾਦੀਆਂ ਵਲੋਂ ਭੇਜਿਆ ਗਿਆ ਸੀ ਜਿਸ ਵਿਚ ਕਿਹਾ ਗਿਆ ਸੀ ਪੰਜ ਤਰੀਕ ਤੱਕ ਇਕ ਲੱਖ ਰੁਪਏ ਦਾ ਇੰਤਜ਼ਾਮ ਕਰਕੇ ਰੱਖੋ ਫਲਾਣੀ ਤਰੀਖ ਨੂੰ ਰਾਤ ਦੇ ਕਿਸੇ ਟਾਈਮ ਵੀ ਉਨ੍ਹਾਂ ਦਾ ਕੋਈ ਬੰਦਾ ਮਾਰੂਤੀ ਕਾਰ ਵਿਚ ਆ ਕੇ ਇਹ ਰਕਮ ਲੈ ਜਾਵੇਗਾ, ਪੁਲੀਸ ਜਾਂ ਕਿਸੇ ਹੋਰ ਨੂੰ ਇਸ ਬਾਰੇ ਇਤਲਾਹ ਦਿੱਤੀ ਤਾਂ ਸਾਰਾ ਟੱਬਰ ਉਡਾ ਦਿੱਤਾ ਜਾਵੇਗਾ। ਰਕਮ ਪੂਰੀ ਤੇ ਠੀਕ ਸਮੇਂ ਤੱਕ ਹੋਣੀ ਚਾਹੀਦੀ ਹੈ ਨਹੀਂ ਤਾਂ ....।'

ਅਗਲੀ ਇਬਾਰਤ ਪੜ੍ਹਦਿਆਂ ਹੀ ਡਾ. ਰਣਜੀਤ ਸਿੰਘ ਦਾ ਬਲੱਡ ਪਰੈਸ਼ਰ ਡਾਊਨ ਹੋ ਗਿਆ। ਉਨ੍ਹਾਂ ਨੂੰ ਇੰਜੈਕਸ਼ਨ ਲੈਣਾ ਪਿਆ। ਉਨ੍ਹਾਂ ਵਾਰ ਵਾਰ ਪੱਤਰ ਪੜ੍ਹਿਆ ਪੱਤਰ ਦੇ ਅਖੀਰ ਵਿਚ 'ਕਮਾਂਡੋ ਫੋਰਸ' ਦੇ ਕਿਸੇ 'ਜਨਰਲ' ਦੇ ਦਸਤਖਤ ਉਨ੍ਹਾਂ ਨੂੰ ਅਜਿਹੀ ਸਟੇਨਗੰਨ ਵਰਗੇ ਜਾਪੇ ਜਿਹੜੀ ਸਿੱਧੇ ਉਨ੍ਹਾਂ ਦੀ ਪੁੜਪੁੜੀ ਵੱਲ ਤਾਣੀ ਹੋਈ ਜਾਪਦੀ ਸੀ।

ਡਾ. ਰਣਜੀਤ ਸਿੰਘ ਬਤਰਾ ਡੂੰਘੀਆਂ ਸੋਚਾਂ ਵਿਚ ਲਹਿ ਗਏ ਬਹੁਤ ਕੁਝ ਸੋਚਣ ਤੋਂ ਬਾਅਦ ਉਨ੍ਹਾਂ ਨੇ ਸੋਚਿਆ 'ਹੋਵੇ ਨਾ ਹੋਵੇ ਇਹ ਚਿੱਠੀ ਕਿਤੇ ਰਾਧੇ ਸ਼ਾਮ ਬਤਰਾ ਦੀ ਨਾ ਹੋਵੇ? ਕੀ ਪਤਾ ਕੋਈ ਗਲਤੀ ਨਾਲ ਉਨ੍ਹਾਂ ਦੇ ਲੈਟਰ ਬਕਸ ਵਿਚ ਹੀ ਸੁੱਟ ਗਿਆ ਹੋਵੇ? ਹਾਂ — ਗੱਲ ਤਾਂ ਜਚਦੀ ਹੈ .... ਨੇਮ ਪਲੇਟ ਦਾ ਭੁਲੇਖਾ ਲੱਗਾ ਹੋਵੇਗਾ ... ਠੀਕ ਹੈ .... ਜਿਸ ਦੀ ਚਿੱਠੀ ਹੈ ਉਸ ਨੂੰ ਮਿਲਣੀ ਚਾਹੀਦੀ ਹੈ ... ਇਹ ਚਿੱਠੀ ਪੱਕੀ ਰਾਧੇ ਸ਼ਾਮ ਦੀ ਹੈ ... ਕਿਉਂਕਿ ਉਹ ਤਾਂ ਸਿੱਖ ਹੈ ਤੇ ਰਾਧੇ ਸ਼ਾਮ ਹਿੰਦੂ ਨੂੰ ... ਉਗਰਵਾਦੀ ਸਿੱਖ ਨੂੰ ਚਿੱਠੀ ... ਹਾਂ ... ਠੀਕ ਹੈ ਜਿਸ ਦੀ ਚਿੱਠੀ ਹੈ ਉਸ ਨੂੰ ਮਿਲਣੀ ਚਾਹੀਦੀ ਹੈ ... ਪਰ ਕਿਵੇਂ .... ਜੇ ਰਾਧੇ ਸ਼ਾਮ ਨੂੰ ਹੱਥੀਂ ਫੜਾਈ ਤਾਂ ਹੋ ਸਕਦਾ ਹੈ ਉਹ ਨਾ ਹੀ ਕਬੂਲ ਕਰੇ ... ਹਾਂ ਠੀਕ ਹੈ ...।

ਤੇ ਡਾ. ਰਣਜੀਤ ਸਿੰਘ ਹੌਲੀ ਹੌਲੀ ਚੋਰਾਂ ਵਾਂਗ ਆਪਣੀ ਕੋਠੀ 'ਚੋਂ ਬਾਹਰ ਨਿਕਲੇ, ਉਨ੍ਹਾਂ ਨੇ ਬਾਹਰ ਆ ਕੇ ਚਾਰੇ ਪਾਸੇ ਵੇਖਿਆ, ਫੇਰ ਡਾ. ਰਾਧੇ ਸ਼ਾਮ ਦੀ ਕੋਠੀ ਦਾ ਜਾਇਜ਼ਾ ਲਿਆ ਤੇ ਪੱਤਰ ਪੂਰੀ ਤਰ੍ਹਾਂ ਬੰਦ ਕਰਕੇ ਡਾ. ਰਾਧੇ ਸ਼ਾਮ ਦੇ ਲੈਟਰ ਬਕਸ ਵਿਚ ਪਾ ਦਿੱਤਾ।

ਇਹ ਕੰਮ ਕਰਕੇ ਡਾ. ਰਣਜੀਤ ਸਿੰਘ ਬੜੇ ਇਤਮਨਾਨ ਨਾਲ ਆਪਣੀ ਕੋਠੀ ਅੰਦਰ ਆ ਗਏ ਤੇ ਗੁਆਂਢੀਆਂ ਦੀ ਕੰਨਸੋ ਲੈਣ ਲੱਗੇ।

ਕੋਈ ਇਕ ਘੰਟੇ ਬਾਅਦ ਡਾ. ਰਾਧੇ ਸ਼ਾਮ ਦੀ ਪਤਨੀ ਦੀ ਚੀਕ ਸੁਣਾਈ ਦਿੱਤੀ। ਫੇਰ ਉਨ੍ਹਾਂ ਦਾ ਵੱਡਾ ਲੜਕਾ ਦੌੜਦਾ ਹੋਇਆ ਡਾ. ਰਣਜੀਤ ਸਿੰਘ ਦੀ ਕੋਠੀ ਵਿਚ ਦਾਖਲ ਹੋਇਆ ....।

"ਅੰਕਲ ... ਅੰਕਲ ਜਲਦੀ ਚਲੋ, ਡੈਡੀ ਨੂੰ ਦਿਲ ਦਾ ਦੌਰਾ ਪੈ ਗਿਆ ਹੈ ... ਜਲਦੀ।"

ਡਾ. ਰਣਜੀਤ ਸਿੰਘ ਨੇ ਰਾਧੇ ਸ਼ਾਮ ਦੀ ਨਬਜ਼ ਵੇਖੀ। ਇੰਜੈਕਸ਼ਨ ਦਿਤੇ ਕੋਈ ਪੌਣੇ ਘੰਟੇ ਬਾਅਦ ਡਾ. ਰਾਧੇ ਸ਼ਾਮ ਨੇ ਅੱਖਾਂ ਪੁੱਟੀਆਂ। ਫੇਰ ਉਹ ਥਾਂ ਸਿਰ ਹੁੰਦੇ ਹੋਏ ਡਾ. ਰਣਜੀਤ ਸਿੰਘ ਦਾ ਹੱਥ ਫੜ ਕੇ ਰੋਣ ਲਗ ਪਏ ਤੇ ਉਨ੍ਹਾਂ ਨੇ ਉਹ ਪੱਤਰ ਡਾ. ਰਣਜੀਤ ਸਿੰਘ ਦੇ ਹੱਥਾਂ 'ਚ ਥਮਾ ਦਿੱਤਾ।

...'ਰਣਜੀਤ ਸਿਹਾਂ ਯਾਰ ਮੈਂ ਤਾਂ ਲੁਟਿਆ ਗਿਆ ... ਉਏ ਇਕ ਲੱਖ ... ਇਕ ਲੱਖ ਮੈਂ ਕਿਥੋਂ ਲਿਆਵਾਂ ... ਹਾਏ ਉਏ ਮੇਰਿਆ ਰੱਬਾ ...।'

ਰਾਧੇ ਸ਼ਾਮ ਦੀਆਂ ਉਚੀਆਂ ਹੋ ਰਹੀਆਂ ਲੇਰਾਂ ਦੇ ਦੌਰਾਨ ਹੀ ਡਾ. ਰਣਜੀਤ ਸਿੰਘ ਨੇ ਉਹ ਪੱਤਰ ਇਸ ਤਰ੍ਹਾਂ ਪੜ੍ਹਿਆ ਜਿਵੇਂ ਪਹਿਲਾਂ ਉਸ ਨੇ ਇਹ ਪੱਤਰ ਵੇਖਿਆ ਤਕ ਨਾ ਹੋਵੇ। ਫੇਰ ਉਹ ਗੰਭੀਰ ਹੁੰਦੇ ਹੋਏ ਕਹਿਣ ਲੱਗੇ ...।

"ਰਾਧੇ ਸ਼ਾਮ ... ਮਿੱਤਰ ਤੂੰ ਕੱਲਾ ਨਹੀਂ ਤੇਰੇ ਨਾਲ ਤਾਂ ਮੇਰਾ ਵੀ ਦੀਵਾ ਗੁੱਲ ਹੋ ਗਿਆ ... ਮੇਰੇ ਦੋਸਤ ਕੀ ਪਤਾ ... ਕੀ ਪਤਾ ਇਹ ਚਿੱਠੀ ਮੇਰੇ ਨਾਂ ਹੀ ਹੋਵੇ?"

ਇਹ ਸੁਣਦਿਆਂ ਹੀ ਰਾਧੇ ਸ਼ਾਮ ਦੀ ਗੁੱਲ ਹੁੰਦੀ ਬੱਤੀ ਇਕ ਵਾਰ ਫੇਰ ਜਗਮਗਾਉਣ ਲੱਗੀ ਉਹ ਸੋਚਣ ਲੱਗੇ ... ਹਾਂ ਇਹ ਤਾਂ ਮੈਂ ਪਹਿਲਾਂ ਸੋਚਿਆ ਹੀ ਨਹੀਂ ... ਕੀ ਪਤਾ ... ਨਾਂ ਦਾ ਭੁਲੇਖਾ ਲੱਗ ਗਿਆ ਹੋਵੇ ਕੀ ਪਤਾ ... ਇਹ ਚਿੱਠੀ ਡਾ. ਰਣਜੀਤ ਸਿੰਘ ਦੀ ਹੀ ਹੋਵੇ ... ਕੀ ਪਤਾ .... ਮੈਂ ਤਾਂ ਐਵੇਂ ਹੀ ..." ਉਹ ਕੁਝ ਚਿਰ ਚੁੱਪ ਰਹਿਣ ਤੋਂ ਬਾਅਦ ਇਕ ਦਮ ਬੋਲ ਉਠੇ ...

— ਹਾਂ ਸੱਚ ਰਣਜੀਤ ਸਿਹਾਂ ਇਹ ਚਿੱਠੀ ਤਾਂ ਤੇਰੀ ਵੀ ਹੋ ਸਕਦੀ ਹੈ ...।

ਤੇ ਇਸ ਗੱਲ ਉਤੇ ਸੋਚ ਵਿਚਾਰ ਕਰਦਿਆਂ ਡਾ. ਰਣਜੀਤ ਸਿੰਘ ਦੀ ਬੱਤੀ ਬੁਝਣ ਬੁਝਣ ਕਰਨ ਲੱਗੀ। ਉਨ੍ਹਾਂ ਦਾ ਬਲੱਡ ਪਰੈਸ਼ਰ ਇਕ ਦਮ ਡਾਊਨ ਹੋ ਗਿਆ ਪਰ ਉਹ ਡਿਗਦੇ ਡਿਗਦੇ ਇਹ ਕਹਿਣੋਂ ਨਾ ਰਹਿ ਸਕੇ ...

"ਰਾਧੇ ਸ਼ਾਮ ... ਗੱਲ ਤਾਂ ਤੇਰੀ ਵੀ ਠੀਕ ਐ ... ਲੇਕਿਨ ਮੈਂ ਤਾਂ ਸਿੱਖ ਹਾਂ ਮਿੱਤਰ ... ਸਿੱਖ ਨੂੰ ਉਗਰਵਾਦੀਆਂ ਦੀ ਇਹੋ ਜਿਹੀ ਚਿੱਠੀ ...? ਤੇ ਨਾਲੇ ਇਹ ਤੇਰੇ ਲੈਟਰ ਬਕਸ 'ਚੋਂ ਨਿਕਲੀ ਐ ... ਇਹ ਚਿੱਠੀ ਤਾਂ ਤੇਰੀ ਹੀ ਹੋ ਸਕਦੀ ਹੈ ....।"

"ਲੇਕਿਨ ਮਿੱਤਰ, ਸਾਰੇ ਸ਼ਹਿਰ 'ਚੋਂ ਸਿਰਫ ਤੂੰ ਹੀ ਮਾਲਦਾਰ ਆਦਮੀ ਐਂ, ਚਿੱਠੀ ਪਾਉਣ ਵਾਲੇ ਇਹ ਤਾਂ ਜਾਣਦੇ ਹੀ ਹੋਣਗੇ ਪਈ ਕਿਸ ਵਿਚ ਲੱਖ ਰੁਪਈਆ ਦੇਣ ਦੀ ਤਾਕਤ ਐ...ਤੇ ਕਿਸ ਵਿਚ ਨਹੀਂ...। ਨਾਲੇ ਮੇਰੇ ਪਤੇ ਵਿਚ ਤਾਂ ਹਮੇਸ਼ਾ ਲਿਖਿਆ ਹੁੰਦਾ ... ਡਾ. ਆਰ ਐਸ ਬਤਰਾ (ਪੀ. ਐਚ. ਡੀ)।"

ਇਹ ਸੁਣਦਿਆਂ ਡਾ. ਰਣਜੀਤ ਸਿੰਘ ਦੇ ਅੰਦਰੋਂ ਕੁਝ ਟੁੱਟਿਆ ਜ਼ਰੂਰ ਪਰ ਉਨ੍ਹਾਂ ਰਾਧੇ ਸ਼ਾਮ ਦੀ ਗੱਲ ਉਕਾ ਹੀ ਨਹੀਂ ਮੰਨੀ ਸਗੋਂ ਉਹ ਤਾਂ ਬਾਰ ਬਾਰ ਆਪਣੇ ਸਿੱਖ ਹੋਣ ਦੀ ਦਲੀਲ ਦੇ ਕੇ ਇਥੋਂ ਤਕ ਵੀ ਕਹਿੰਦੇ ਰਹੇ ਕਿ ਅਤਿਵਾਦੀਆਂ ਦੀ ਸਿੱਖਾਂ ਨਾਲ ਕੋਈ ਦੁਸ਼ਮਣੀ ਨਹੀਂ, ਉਨ੍ਹਾਂ ਦਾ ਵੈਰ ਤਾਂ ਹਿੰਦੂਆਂ ਨਾਲ ਹੈ ... ਪਰ ਰਾਧੇ ਸ਼ਾਮ ਨੇ ਦੱਸਿਆ ਕਿ ਕਿਵੇਂ ਪਿਛਲੇ ਸਮੇਂ ਅਤਿਵਾਦੀਆਂ ਨੇ ਸਿੱਖਾਂ ਦੇ ਕਈ ਪਰਿਵਾਰ ਖਤਮ ਕਰ ਦਿੱਤੇ ਹਨ।

ਗੱਲ ਬਹੁਤ ਵਧ ਗਈ, ਦੋਹਾਂ ਪਾਸਿਆਂ ਤੋਂ ਇਕ ਦੂਜੇ ਦੇ ਧਰਮ ਉਤੇ ਛਿੱਟੇ ਪਾਏ ਗਏ। ਗੱਲ ਤੂੰ ਤੂੰ ਮੈਂ ਮੈਂ 'ਤੇ ਚਲੀ ਗਈ।

ਨਿਯਤ ਤਰੀਕ ਕੱਲ੍ਹ ਦੀ ਰਾਤ ਸੀ। ਜਦੋਂ ਅਤਿਵਾਦੀਆਂ ਨੇ ਮਾਰੂਤੀ ਕਾਰ ਵਿਚ ਲੱਖ ਰੁਪਏ ਲੈਣ ਆਉਣਾ ਸੀ।

ਸਾਰਾ ਦਿਨ ਨਾ ਰਾਧੇ ਸ਼ਾਮ ਦਾ ਮਨ ਟਿਕਾਣੇ ਰਿਹਾ ਤੇ ਨਾ ਹੀ ਡਾ. ਰਣਜੀਤ ਸਿੰਘ ਦਾ ਕੁਝ ਖਾਣ-ਪੀਣ ਨੂੰ ਦਿਲ ਕੀਤਾ। ਸਾਰਾ ਦਿਨ ਉਹ ਬੜੇ ਬੁਰੇ ਬੁਰੇ ਖਿਆਲਾਂ ਵਿਚ ਫਸੇ ਰਹੇ। ਇਕ ਪਲ ਤਾਂ ਰਣਜੀਤ ਸਿੰਘ ਨੇ ਇਹ ਵੀ ਸੋਚਿਆ ਕਿ ਉਹ ਰਾਧੇ ਸ਼ਾਮ ਨਾਲ ਸਮਝੌਤਾ ਕਰ ਲਵੇ, ਦੋਵੇਂ 50-50 ਹਜ਼ਾਰ ਦਾ ਇੰਤਜ਼ਾਮ ਕਰਕੇ ਰੱਖ ਲੈਣ। ਜਿਧਰ ਵੀ ਕੋਈ ਆਵੇ ਉਧਰ ਹੀ ਲੱਖ ਰੁਪਈਆ ਦਿੱਤਾ ਜਾਵੇ, ਲੇਕਿਨ ... ਲੇਕਿਨ 50 ਹਜ਼ਾਰ ਕੋਈ ਥੋੜ੍ਹੀ ਰਕਮ ਥੋੜ੍ਹਾ ਹੁੰਦੀ ਹੈ ... ਤੇ ਫੇਰ ਕੀ ਪਤਾ ਰਾਧੇ ਸ਼ਾਮ ਉਸ ਦਾ ਮਸ਼ਵਰਾ ਮੰਨੇ ਹੀ ਨਾਂਹ?

ਡਾ. ਰਣਜੀਤ ਸਿੰਘ ਸੋਚ ਰਿਹਾ ਸੀ। ਚਿੱਠੀ ਉਸ ਦੇ ਲੈਟਰ ਬਕਸ 'ਚੋਂ ਨਿਕਲੀ ਸੀ ਤਾਂ ਇਹਦਾ ਮਤਲਬ ਉਹ ਮੇਰੇ ਕੋਲ ਹੀ ਆਉਣਗੇ ਫੇਰ ... ਫੇਰ ... ਇਹ ਸੋਚਦਿਆਂ ਹੀ ਉਨ੍ਹਾਂ ਦਾ ਬਲੱਡ ਪਰੈਸ਼ਰ ਇਕ ਦਮ ਡਾਊਨ ਹੋ ਗਿਆ। ਦੂਜੇ ਪਾਸੇ ਰਾਧੇ ਸ਼ਾਮ ਮਨ ਹੀ ਮਨ 'ਚ ਕਿਆਫੇ ਲਾ ਰਿਹਾ ਸੀ, ਹੋਵੇ ਨਾ ਹੋਵੇ ਇਹ ਚਿੱਠੀ ਸੱਚੀ-ਮੁਚੀ ਉਸੇ ਦੀ ਹੀ ਨਾ ਹੋਵੇ ਕਿਧਰੇ ... ਡਾ. ਰਣਜੀਤ ਸਿੰਘ ਠੀਕ ਈ ਆਖਦਾ ਏ ... ਉਹ ਤਾਂ ਸਿੱਖ ਏ ... ਮੈਂ ... ਲੇਕਿਨ ਮੇਰੇ ਲੈਟਰ ਬਕਸ ਵਿਚੋਂ ਡਾ. ਰਣਜੀਤ ਸਿੰਘ ਦੀਆਂ ਚਿੱਠੀਆਂ ਤਾਂ ਕਈ ਵਾਰ ਨਿਕਲੀਆਂ ਨੇ ਫੇਰ ਸਭ ਜਾਣਦੇ ਨੇ ਡਾ. ਰਣਜੀਤ ਸਿੰਘ ਸਭ ਤੋਂ ਵੱਧ ਮਾਲਦਾਰ ਆਦਮੀ ਐ ... ਮੰਗਣ ਵਾਲੇ ਕੁਝ ਤਾਂ ਸੋਚ ਕੇ ਮੰਗਦੇ ਹੋਣਗੇ ... ਪਰ ਕੀ ਪਤਾ ਉਹ ਮੇਰੇ ਵੱਲ ਹੀ ਆ ਜਾਣ ... ਫੇਰ ... ਫੇਰ ... ਇਹ ਸੋਚਦਿਆਂ ਰਾਧੇ ਸ਼ਾਮ ਨੂੰ ਫੇਰ ਦੌਰਾ ਪੈ ਗਿਆ। ਸੋਚਾਂ ਹੀ ਸੋਚਾਂ ਵਿਚ ਦਿਨ ਢਲ ਗਿਆ। ਬੱਦਲਵਾਈ ਹੋਣ ਕਰਕੇ ਰਾਤ ਵਕਤ ਤੋਂ ਪਹਿਲਾਂ ਹੀ ਉਤਰ ਆਈ ਜਾਪਦੀ ਸੀ। ਸੋਚਾਂ ਵਿਚ ਗਲਤਾਨ ਡਾ. ਰਣਜੀਤ ਸਿੰਘ ਕਦੇ ਅੰਦਰ ਜਾਂਦਾ ਸੀ ਕਦੇ ਬਾਹਰ ਆ ਕੇ ਵੇਖ ਲੈਂਦਾ ਰਾਧੇ ਸ਼ਾਮ ਦੀ ਕੋਠੀ ਵੀ ਸੁੰਨਸਾਨ ਜਹੀ ਜਾਪਦੀ ਸੀ।

'ਕਿਧਰੇ ਰਾਧੇ ਸ਼ਾਮ ਸ਼ਹਿਰ ਛੱਡ ਕੇ ਹੀ ਨਾ ਚਲਾ ਗਿਆ ਹੋਵੇ?' ਇਹ ਸੋਚਦਿਆਂ ਉਨ੍ਹਾਂ ਆਪਣੀ ਬੇਬੀ ਨੂੰ ਉਨ੍ਹਾਂ ਦੇ ਘਰ ਭੇਜਿਆ। ਗੇਟ ਤਾਂ ਖੁੱਲ੍ਹਾ ਸੀ ਪਰ ਸਭ ਜਿੰਦਰੇ ਲਗੇ ਹੋਏ ਸਨ। ਡਾ. ਰਣਜੀਤ ਸਿੰਘ ਦਾ ਕਿਆਫਾ ਠੀਕ ਹੀ ਨਿਕਲਿਆ। 'ਰਾਧੇ ਸ਼ਾਮ ਚੁਸਤੀ ਵਰਤ ਗਿਆ ਸੀ।' ਰਾਤ ਪੈਣ ਤੋਂ ਪਹਿਲਾਂ ਹੀ ਸਾਰਾ ਟੱਬਰ ਲਾਪਤਾ? ...'ਹੂੰ ...?' ਇਹ ਸਭ ਸੋਚਦਿਆਂ ਡਾ. ਰਣਜੀਤ ਸਿੰਘ ਨੇ ਵੀ ਨਿੱਕਾ ਜਿਹਾ ਸੂਟਕੇਸ ਤਿਆਰ ਕੀਤਾ। ਗਹਿਣੇ ਤੇ ਕੁਝ ਨਕਦੀ ਸੰਭਾਲੇ ਅਤੇ ਘਰਦਿਆਂ ਨੂੰ ਸਾਰੀ ਗੱਲ ਸਮਝਾ ਕੇ ਸ਼ਾਮ ਦੇ ਘੁਸਮੁਸੇ ਵਿਚ, ਸ਼ਹਿਰ ਵਾਲੀ ਬੱਸ ਫੜਨ ਲਈ ਬੱਸ ਸਟੈਂਡ ਵੱਲ ਕਾਹਲੀ ਕਾਹਲੀ ਤੁਰ ਪਿਆ।

ਉਸ ਨੇ ਚਾਰੇ ਪਾਸੇ ਵੇਖਿਆ, ਕੋਈ ਵੀ ਉਸ ਨੂੰ ਸ਼ਹਿਰ ਛੱਡ ਕੇ ਜਾਂਦਾ ਹੋਇਆ ਨਹੀਂ ਸੀ ਵੇਖ ਰਿਹਾ। ਉਹ ਹੋਰ ਤੇਜ਼ ਤੁਰਨ ਲੱਗਾ। ਸੁੰਨਸਾਨ ਸੜਕ ਪਾਰ ਕਰਕੇ ਫਰਲਾਂਗ ਕੁ ਦੂਰੀ 'ਤੇ ਬੱਸ ਸਟੈਂਡ ਸੀ। ਸੜਕ ਦੇ ਇਕ ਪਾਸੇ ਬੂਝਿਆਂ ਦਾ ਝੁੰਡ ਵੇਖ ਕੇ ਉਸ ਨੂੰ ਡਰ ਜਿਹਾ ਵੀ ਲੱਗਾ ਦੂਰੋਂ ਬੂਝੇ ਇਉਂ ਜਾਪਦੇ ਸਨ ਜਿਵੇਂ ਝੁੰਬ ਮਾਰੀ ਕੋਈ ਸਟੇਨਗੰਨ ਲੈ ਕੇ ਖੜ੍ਹਾ ਹੁੰਦਾ ਹੈ। ਉਹ ਇਕ ਪਲ ਰੁਕਦਾ ਦੂਰ ਤੱਕ ਸੜਕ ਦਾ ਜਾਇਜ਼ਾ ਲੈਣ ਲੱਗਾ। ਅਚਾਨਕ ਉਸ ਦੀ ਮਿੱਟੀ ਹਿਲ ਗਈ। ਉਹ ਕੰਬਦਾ ਹੋਇਆ ਸੜਕ ਦੇ ਇਕ ਪਾਸੇ ਹੋ ਤੁਰਿਆ।

ਇਕ ਮਾਰੂਤੀ ਕਾਰ ਬਿਲਕੁਲ ਉਸ ਦੀ ਸੇਧ ਨੂੰ ਉਹਦੇ ਵੱਲ ਵਧ ਰਹੀ ਸੀ।

ਡਾ. ਰਣਜੀਤ ਸਿੰਘ ਨੂੰ ਹੱਥਾਂ ਪੈਰਾਂ ਦੀ ਪੈ ਗਈ ਉਹ ਅਜੇ ਫੈਸਲਾ ਵੀ ਨਹੀਂ ਸੀ ਕਰ ਸਕਿਆ ਕਿ ਉਹ ਕੀ ਕਰੇ? ਮਾਰੂਤੀ ਉਸ ਤੋਂ ਕੁਝ ਗਜ਼ ਦੀ ਦੂਰੀ ਤੇ ਹੌਲੀ ਹੌਲੀ ਰੁਕਦੀ ਜਾਪਦੀ ਸੀ ਉਸ ਨੇ ਇਕ ਪਲ ਲਈ ਮਾਰੂਤੀ ਵਿਚ ਮੂਹਰੇ ਬੈਠੇ ਦੋ ਬੰਦਿਆਂ 'ਤੇ ਝਾਤੀ ਮਾਰੀ। ਇਕ ਕਲੀਨ ਸ਼ੇਵ ਮੋਨਾ ਜਵਾਨ ਜਿਹਾ ਮੁੰਡਾ ਮਾਰੂਤੀ ਡਰਾਇਵ ਕਰ ਰਿਹਾ ਸੀ ਉਸ ਦੀ ਬਗਲ ਵਿਚ ਲੋਈ ਦਾ ਝੁੰਬ ਮਾਰੀ ਇਕ ਖਾਲਸਾ ਬੈਠਾ ਸੀ। ਜਿਸ ਨੇ ਰੋਅਬਦਾਰ ਦਾੜ੍ਹਾ ਖੁੱਲ੍ਹਾ ਛੱਡਿਆ ਹੋਇਆ ਤੇ ਸਿਰ 'ਤੇ ਕੇਸਰੀ ਪੱਗ ਬੰਨ੍ਹੀ ਹੋਈ ਸੀ ਉਹ ਉਹਦੇ ਵੱਲ ਤਾੜ ਤਾੜ ਕੇ ਵੇਖ ਰਿਹਾ ਸੀ।

ਸ਼ੱਕ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਸੀ। ਲੱਖ ਰੁਪਈਆ ਲੈਣ ਵਾਲੇ ਆ ਧਮਕੇ ਸਨ। ਇਹ ਸੋਚਦਿਆਂ ਹੀ ਇਕੋ ਝਟਕੇ ਨਾਲ ਬੂਝਿਆਂ ਦੇ ਉਹਲੇ ਖਲੋ ਗਿਆ। ਇਥੇ ਇਕ ਪਲ ਖਲੋ ਜਾਣ ਬਾਅਦ ਉਸ ਨੂੰ ਜਾਪਿਆ ਇਹ ਬੂਝੇ ਉਸ ਦੇ ਕੱਦ ਨਾਲੋਂ ਛੋਟੇ ਹਨ ਇਨ੍ਹਾਂ ਉਪਰੋਂ ਉਸਦਾ ਸਿਰ ਦਿਸ ਦਾ ਹੋਵੇਗਾ। ਇਹ ਸੋਚਦਿਆਂ ਹੀ ਉਹ ਪਿਸ਼ਾਬ ਕਰਨ ਦੇ ਬਹਾਨੇ ਬੂਝਿਆਂ ਦੇ ਪੈਰਾਂ ਵਿਚ ਬੈਠ ਗਿਆ ਬਿਲਕੁਲ ਦੋ ਕੁ ਗਜ਼ ਦੀ ਵਿਥ ਤੇ ਬੂਝਿਆਂ ਉਹਲੇ ਸਟਾਰਟ ਹੋਈ ਮਾਰੂਤੀ ਖਲੋਤੀ ਸੀ ਜਿਸ ਦੀ ਥਰਰ ਥਰਰ ਉਸ ਨੂੰ ਸਾਫ ਸੁਣਾਈ ਦੇ ਰਹੀ ਸੀ। ਅਚਾਨਕ ਮਾਰੂਤੀ 'ਚ ਬੈਠੇ ਬੰਦਿਆਂ ਦੀ ਘੁਸਰ-ਮੁਸਰ ਸੁਣਾਈ ਦਿੱਤੀ ਇਕ, ਦੂਜੇ ਨੂੰ ਕਹਿ ਰਿਹਾ ਸੀ ...

"ਸਾਲਾ, ਪਤਾ ਨਹੀਂ ਕਿੱਥੇ ਚਲਾ ਗਿਆ?"

ਗੱਲ ਠੀਕ ਉਹਦੇ ਬਾਰੇ ਹੀ ਹੋ ਰਹੀ ਸੀ, ਇਹ ਸੁਣਦਿਆਂ ਹੀ ਡਾ. ਰਣਜੀਤ ਸਿੰਘ ਨੂੰ ਕੱਚੀ ਤਰੇਲੀ ਆ ਗਈ। ਉਹ ਹੁਣ ਕੀ ਕਰੇ? ਦੌੜ ਜਾਵੇ? ਲੇਕਿਨ ਗੋਲੀ ਨਾਲੋਂ ਵੱਧ ਉਹ ਕਿਵੇਂ ਦੌੜ ਲਏਗਾ ...?' ਇਹ ਕੁਝ ਸੋਚਦਿਆਂ ਹੀ ਉਹ ਹੌਲੀ ਹੌਲੀ ਸਰਕਦਾ ਬੂਝਿਆਂ ਦੇ ਪਿੱਛੇ ਪੁੱਟੇ-ਟੋਏ ਵਿਚ ਲੱਥ ਗਿਆ। ਟੋਟੇ ਵਿਚ ਥਾਂ ਥਾਂ ਟੱਟੀ ਕੀਤੀ ਹੋਈ ਸੀ ਜਿਸ ਦੀ ਬਦਬੂ ਉਹਦੇ ਨੱਕ ਨੂੰ ਚੜ੍ਹ ਗਈ ਫੇਰ ਕੀ ਇਹ ਬਦਬੂ, ਮੌਤ ਦੇ ਡਰ ਨਾਲੋਂ ਕੋਈ ਬਹੁਤੀ ਵੱਡੀ ਚੀਜ਼ ਨਹੀਂ ਸੀ। ਟੋਏ ਵਿਚ ਇਕ ਮਿੰਟ ਬੈਠ ਜਾਣ ਤੋਂ ਬਾਅਦ, ਡਾ. ਰਣਜੀਤ ਸਿੰਘ ਨੂੰ ਮਾਰੂਤੀ ਵਿਚੋਂ ਫੇਰ ਸੁਣਿਆ —

"ਪਤਾ ਨਹੀਂ ਕੀ ਕਰਨ ਲਗ ਪਿਆ ... ਅਜੇ ਤਕ ਮੁੜਿਆ ਹੀ ਨਹੀਂ।"

ਨੱਕ ਉਤੇ ਰੁਮਾਲ ਰੱਖੀ ਡਾ. ਰਣਜੀਤ ਸਿੰਘ ਸਾਹ ਦੀ ਆਵਾਜ਼ ਵੀ ਉਚੀ ਨਹੀਂ ਸੀ ਕੱਢ ਰਿਹਾ ਤਾਂਹੀਓ ਉਸ ਨੇ ਵੇਖਿਆ ਸੜਕ ਦੇ ਦੂਸਰੇ ਪਾਸਿਓਂ ਇਕ ਮੋਨਾ ਆਦਮੀ ਆ ਰਿਹਾ ਹੈ। ਉਸ ਨੇ ਜ਼ਰਾ ਕੁ ਸਿਰ ਉਚਾ ਕਰਕੇ ਵੇਖਿਆ। ਮਾਰੂਤੀ ਦਾ ਦਰਵਾਜ਼ਾ ਖੋਲ੍ਹੀ ਖਾਲਸਾ ਇਕ ਟੱਕ ਉਸ ਆਦਮੀ ਵੱਲ ਹੀ ਵੇਖ ਰਿਹਾ ਹੈ। ਡਾ. ਰਣਜੀਤ ਸਿੰਘ ਨੂੰ ਜਾਪਿਆ ਇਹੀ ਠੀਕ ਮੌਕਾ ਹੈ ਜਦੋਂ ਉਹ ਭੱਜ ਕੇ ਆਪਣੀ ਜਾਨ ਬਚਾ ਸਕਦਾ ਹੈ। ਉਸ ਨੇ ਸੂਟਕੇਸ ਉਥੇ ਹੀ ਸੁੱਟਿਆ ਬੂਟ ਉਤਾਰੇ ਤੇ ਭੱਜਣ ਦੀ ਤਿਆਰੀ ਕਰਨ ਲੱਗਾ। ਇਸੇ ਦੌਰਾਨ ਡਾ. ਰਣਜੀਤ ਸਿੰਘ ਨੇ ਵੇਖਿਆ ਉਹ ਮੋਨਾ ਆਦਮੀ ਖਾਲਸੇ ਦੇ ਕੋਲ ਆ ਗਿਆ ਖਾਲਸੇ ਨੇ ਕਿਹਾ —

"ਭਾਈ ਸਾਹਿਬ ਅਸੀਂ ਆਲਮਪੁਰ ਨੂੰ ਜਾਣੈ? ਇਥੋਂ ਕਿਹੜੀ ਸੜਕ ਆਲਮਪੁਰ ਨੂੰ ਜਾਂਦੀ ਐ?"

ਉਸ ਮੋਨੇ ਬੰਦੇ ਨੇ ਬੜੇ ਅਦਬ ਨਾਲ ਜਵਾਬ ਦਿੱਤਾ —

"ਸਰਦਾਰ ਜੀ, ਤੁਸੀਂ ਇਉਂ ਕਰੋ, ਇੱਥੋਂ ਸਿੱਧੇ ਚਲੇ ਜਾਓ ਅੱਗੇ ਰੇਲਵੇ ਫਾਟਕ ਕੋਲੋਂ ਦੋ ਸੜਕਾਂ ਖੱਬੇ ਹੱਥ ਮੁੜਨਗੀਆਂ, ਪਹਿਲੀ ਸੜਕ 'ਤੇ ਸਿੱਧੇ ਚਲੇ ਜਾਓ, ਅਗੇ ਬੀਰਮਪੁਰ ਆਏਗਾ, ਉਥੋਂ ਅਗੇ ਆਲਮਪੁਰ ਦਾ ਰਾਹ ਪੁੱਛ ਲਿਓ?

ਖਾਲਸਾ ਉਸ ਮੋਨੇ ਬੰਦੇ ਦਾ ਧੰਨਵਾਦ ਹੀ ਕਰ ਰਿਹਾ ਸੀ ਡਾ. ਰਣਜੀਤ ਸਿੰਘ ਛਾਲ ਮਾਰ ਕੇ ਟੋਏ 'ਚੋਂ ਉਠਿਆ ਫਟਾ ਫਟ ਕੱਪੜੇ ਝਾੜੇ ਤੇ ਲਗਭਗ ਦੌੜਦਾ ਹੋਇਆ ਉਨ੍ਹਾਂ ਕੋਲ ਪਹੁੰਚਿਆ —

"ਓਹ ਸਰਦਾਰ ਜੀ ਸਰਦਾਰ ਜੀ ... ਤੁਸੀਂ ਆਲਮਪੁਰ ਦਾ ਰਸਤਾ ਪੁੱਛਣ ਲਈ ਖਲੋਏ ਸਓ?"

"ਹਾਂ ਜੀ, ਤੁਸੀਂ ਤਾਂ ਪਤਾ ਨਹੀਂ ਕਿੱਥੇ ਲੁਕ ਗਏ ...।" "ਓਹ ਜੀ ਲੁਕਣਾ-ਲੁਕਾਣਾ ਕਾਹਦੇ ਲਈ ਸੀ, ਮੈਂ ਤਾਂ ਪਿਸ਼ਾਬ ਪਿਆ ਕਰਦਾ ਸਾਂ, ਤੁਸੀਂ ਇਓਂ ਕਰੋ ਇਥੋਂ ਪਿਛਾਂਹ ਮੁੜ ਕੇ ਸਿੱਧੇ ਓਸ ਸੜਕ 'ਤੇ ਚਲੇ ਜਾਓ ਉਹ ਸਿੱਧੀ ਆਲਮਪੁਰ ਨੂੰ ਜਾਂਦੀ ਐ।"

## ਪੰਜਾਬ ਨਾਲ ਸੰਵਾਦ □ ਆਸੀ

ਐ ਪੰਜਾਬ ! ਕਦੇ ਤੂੰ ਸਾਡੇ ਫ਼ਖ਼ਰ ਦਾ ਤਾਜ ਸੈਂ
ਤੇ ਸਾਡਾ ਸ਼ਨਾਖ਼ਤਨਾਮਾ ਵੀ
ਪਰ ਅੱਜ ਤੂੰ ਕਾਲੀ ਸੁਰੰਗ ਤੋਂ ਵੱਧ ਕੁਝ ਨਹੀਂ
ਤੇਰੇ ਪੰਜੇ ਪਾਣੀ ਸਾਡੇ ਮੱਥੇ ਤੇ ਲਾਹਨਤ ਵਾਂਗੂੰ
ਉੱਗ ਆਏ ਨੇ
ਮੈਨੂੰ ਇਲਮ ਹੈ ਸੰਤਾਲੀ ਵਿਚ ਜਦੋਂ ਤੇਰਾ ਬਾਪੂ
ਕਤਲ ਹੋਇਆ ਸੀ
ਅਜੇ ਤਾਂ ਮੁੱਕੀ ਨਹੀਂ ਸੀ ਧਰਤੀ 'ਚੋਂ ਲਾਸ਼ਾਂ ਦੀ ਬਦਬੋ
ਕਿ ਸਾਡੇ ਸਿਰ 'ਚ ਤੈਨੂੰ ਗੱਡ ਦਿੱਤਾ—
ਕੁਰਸੀ 'ਚ ਛਿਪੇ ਹੱਥਾਂ ਨੇ ਅਪਾਹਜ ਕਰਕੇ
ਫਿਰ ਅਸੀਂ ਡੰਡਾਂ ਦੇ ਆਸਰੇ
ਇਕ ਰੇਗਿਸਤਾਨ 'ਚ ਭੁੱਜਦੇ ਰਹੇ

ਬਹੁਤ ਦੇਰ ਤੇਰੀ ਪੈੜ 'ਚ ਪੈੜ ਰੱਖ ਕੇ ਹੰਭ ਗਏ ਹਾਂ
ਸਾਥੋਂ ਹੋਰ ਨਹੀਂ ਸਹਿ ਹੁੰਦੀ
ਦਸਤਾਰਾਂ ਵਾਸਤੇ ਬੋਲੀ ਜਾਂਦੀ ਬਲਦੇ ਟਾਇਰਾਂ ਦੀ ਭਾਸ਼ਾ
ਤੇ 'ਬੱਬਰ ਕਟਿੰਗ' ਵੱਲ ਸੇਧੀ ਹੋਈ ਸਟੇਨ
ਪੰਜਾਬ ਤੇਰੀ ਇਹ ਕਿਹੀ ਮਹਿਫ਼ੂਜ਼ੀਅਤ ਦੀ ਵਾੜ ਹੈ
ਕਿ ਅਸੀਂ ਸਭ ਕੁਝ ਦੇ ਹੁੰਦੇ ਸੁੰਦੇ ਯਤੀਮ ਹੋ ਗਏ ਹਾਂ
ਨਿੱਤ ਕੰਜਰੀ ਦੇ ਪੁੱਤ ਦੀ ਜ਼ਿੱਲਤ ਭੋਗਦੇ ਹਾਂ
ਤੇਰੀਆਂ ਇਬਾਦਤਗਾਹਾਂ 'ਚੋਂ ਹੁੰਦਾ ਏ ਅੱਗ ਦਾ ਪ੍ਰਚਾਰ
ਫੌਜੀ ਬੂਟਾਂ ਨੇ ਕੁਚਲ ਦਿੱਤੇ ਨੇ ਸਾਡੇ ਗੀਤ
ਤੇਰੇ ਮਾਣ ਦੇ ਤਮਗੇ ਤੇਰੇ ਅਲੂੰਏਂ ਪੁੱਤਰ
ਤੁਰ ਪਏ ਨੇ ਕਬਰਾਂ ਦੇ ਰਾਹ।

ਤੂੰ ਰਾਤੋ ਰਾਤ ਹੋ ਗਿਆ ਏਂ
ਵੇਸਵਾ ਦੀ ਬਦਨਾਮ ਗਲੀ ਵਰਗਾ
ਤੇ ਤੇਰੀ ਭੈਣ ਦਿੱਲੀ ਦੇ ਘੁੰਗਰੂਆਂ 'ਚੋਂ ਅਜੇ
ਸੁਣਾਈ ਦੇਂਦਾ ਹੈ ਖੂਨੀ ਨਾਚ
ਆਖ਼ਰ ਤੂੰ ਲੁੱਚੀਆਂ ਰੰਨਾਂ ਵਾਂਗਰ ਹਰਲ ਹਰਲ ਕਰਦੀਆਂ
ਅਖ਼ਬਾਰਾਂ ਦੇ ਜੰਗਲ 'ਚ ਘਿਰ ਗਿਆ ਏਂ ਪੰਜਾਬ

ਐ ਪੰਜਾਬ !
ਤੇਰੇ ਨੰਨੇ-ਮੁੰਨਿਆਂ ਨੂੰ ਰੱਚ ਲੋਰੀ ਦੀ ਥਾਂ
ਸਾਇਰਨ ਦੀ ਆਵਾਜ਼ ਸੁਣਾਈ ਦੇਂਦੀ ਹੈ
ਤੇ ਉਹਨਾਂ ਦੀਆਂ ਮਾਵਾਂ ਨੂੰ
ਆਟੇ ਦੀਆਂ ਮੁੱਠਾਂ ਤਵਾਇਫ਼ ਵਾਂਗੂੰ ਨਚਾਉਂਦੀਆਂ ਨੇ

'ਉਹ' ਤੇਰਾ ਸਿਰ ਵੱਢਣਾ ਲੋਚਦੇ ਨੇ ਪੰਜਾਬ !
ਤੇ 'ਨੀਲੇ ਤਾਰੇ' ਜਿਹੇ ਕਲੰਕਾਂ ਨਾਲ
ਸਾਨੂੰ ਨਿਵਾਜਣਾ ਚਾਹੁੰਦੇ ਨੇ

ਪੰਜਾਬ ! ਕੀ ਪਤਾ ਸੀ
ਤੈਨੂੰ ਇਸ ਤਰ੍ਹਾਂ ਬੇਪਤ ਕੀਤਾ ਜਾਏਗਾ
ਕਿ ਤੇਰੇ ਚੀਰ-ਹਰਣ ਦੀ ਹਰ ਤੈਅ ਹੇਠੋਂ
ਬੁੱਤਸ਼ਿਕਨਾਂ ਦਾ ਰੂਪ ਹੋਰ ਵੀ ਭਿਆਨਕ ਹੋ ਕੇ ਉਭਰੇਗਾ
ਉਂਞ ਤਾਂ ਖ਼ਬਰੇ ਇਹ ਹਿੰਸਕ ਮੋਰ ਪੈਲ ਨਾ ਵੀ ਪਾਉਂਦਾ
ਪਰ ਤੇਰੇ ਚਹੇਤੇ 'ਬਾਪੂ ਦੇ ਬਾਪੂ'
'ਅਭੋਲ' ਬਿੱਲੀਆਂ ਦੀ ਸਾਰੀ ਰੋਟੀ ਹੜੱਪ ਕਰ ਚੱਲੇ ਸਨ।

ਪੰਜਾਬ ! ਕਦੋਂ ਤੇਰੇ ਕਾਮਿਆਂ ਦੇ ਪਸੀਨੇ 'ਚੋਂ ਨਗਮੇ ਫੁੱਟਣਗੇ
ਕਦੋਂ ਤੂੰ ਸਾਡੇ ਸੁਪਨਿਆਂ ਦੇ ਢੋਲ ਦੀ ਤਾਲ 'ਤੇ ਭੰਗੜਾ ਪਾਵੇਂਗਾ
ਤੂੰ ਖ਼ੂਨ ਦੀ ਹਮਕ ਤੋਂ ਮੁਕਤ ਹੋ ਜਾ ਪੰਜਾਬ !
ਅਸੀਂ ਤੇਰੇ 'ਤੇ ਖੂਬਸੂਰਤ ਨਜ਼ਮਾਂ ਲਿਖਣਾ ਚਾਹੁੰਦੇ ਹਾਂ
o

## ਗੁੰਮਸ਼ੁਦਾ ਦੀ ਤਲਾਸ਼

**ਦਰਸ਼ਨ ਸਿੰਘ ਗੋਪਾਲਪੁਰੀ**

ਬੜੇ ਦੁੱਖ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡਾ ਬਹੁਤ ਹੀ ਪਿਆਰਾ ਪੰਜਾਬ ਪਿਛਲੇ ਕੁਝ ਸਾਲਾਂ ਤੋਂ ਗੁੰਮ ਹੋ ਗਿਆ ਹੈ। ਉਹ ਆਪਣੇ ਮਾਪਿਆਂ ਤੋਂ ਅੱਡ ਹੋਣ ਦੀ ਜ਼ਿੱਦ ਕਰ ਰਿਹਾ ਸੀ ਅਤੇ ਫਿਰ ਅਚਾਨਕ ਕਿਤੇ ਰੁੱਸ ਕੇ ਚਲਾ ਗਿਆ ਹੈ। ਅਸੀਂ ਬਹੁਤ ਦੇਰ ਤੋਂ ਉਸ ਦੇ ਵਾਪਸ ਆਉਣ ਦੀ ਉਡੀਕ ਕਰ ਰਹੇ ਹਾਂ। ਕਈ ਸਿਆਣਿਆਂ ਤੋਂ ਪੁੱਛਾਂ ਪੁੱਛ ਬੈਠੇ ਹਾਂ ਪਰ ਪੰਜਾਬ ਦਾ ਕੋਈ ਅਤਾ-ਪਤਾ ਨਹੀਂ ਲਗ ਰਿਹਾ। ਵੈਸੇ ਦਿੱਲੀ ਵਾਲੇ ਵੱਡੇ ਜੋਤਸ਼ੀਆਂ ਦਾ ਕਹਿਣਾ ਹੈ ਕਿ ਪੰਜਾਬ ਨੂੰ ਉਸ ਦੇ ਵਾਘਿਓਂ ਪਾਰਲੇ ਸ਼ਰੀਕਾਂ ਨੇ ਉਧਾਲ ਲਿਆ ਹੈ ਪਰ ਉਸ ਨੂੰ ਵਾਪਸ ਬੁਲਾਉਣ ਦੀ ਕੋਈ ਵਿਧੀ ਨਹੀਂ ਦੱਸ ਰਹੇ।

ਜੇਕਰ ਪੰਜਾਬ ਕਿਤੇ ਪੜ੍ਹਦਾ ਸੁਣਦਾ ਹੋਏ ਤਾਂ ਘਰ ਵਾਪਸ ਆ ਜਾਏ ਉਸ ਨੂੰ ਕੁਝ ਨਹੀਂ ਕਿਹਾ ਜਾਏਗਾ ਸਗੋਂ ਪਿਆਰ ਨਾਲ ਗਲ ਲਾ ਕੇ ਸਵੀਕਾਰਿਆ ਜਾਏਗਾ। ਪਿਆਰੇ ਪੰਜਾਬ ਤੇਰੇ ਬਗੈਰ ਸਾਨੂੰ ਆਪਣੇ ਆਪਣੇ ਵਿਹੜੇ ਸੁੰਨੇ ਲੱਗਦੇ ਹਨ।

ਹੁਲੀਆ ਇਸ ਤਰ੍ਹਾਂ ਹੈ — ਸਰੀਰ ਦੇ ਹਰ ਹਿੱਸੇ 'ਤੇ ਡੂੰਘੇ ਜ਼ਖਮਾਂ ਦੇ ਨਿਸ਼ਾਨ ਹਨ। ਚਿਹਰਾ ਬੇ-ਪਛਾਣ ਹੋ ਗਿਆ ਹੈ। ਜੇਕਰ ਕਿਸੇ ਨੂੰ ਮਿਲੇ ਹੇਠ ਲਿਖਿਆਂ ਵਿਚੋਂ ਕਿਸੇ ਦੇ ਘਰ ਵੀ ਪਹੁੰਚਾ ਦੇਵੇ।

**ਅਸੀਂ ਹਾਂ : — ਹਿੰਦੂ-ਸਿੱਖ ਮੁਸਲਮਾਨ-ਈਸਾਈ।**


# ਬੰਬੇ ਸਵੀਟਸ ਮੈਨੂਫੈਕਚਰਰ ਇਨਕ

ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!

**BOMBAY SWEETS MANUFACTURER INC.**

6556 —6560 MAIN (at 49th Ave.)
VANCOUVER, B.C. V5X 3G9
Tel. (604) 321-1414
Or 874-5722

$2.^{50} / ਪੌਂਡ ਵਾਲੀਆਂ ਜਲੇਬੀਆਂ $1.^{49}

$2.^{50} / ਪੌਂਡ ਵਾਲੇ ਲੱਡੂ $1.^{75}

CONTACT:
**NARESH SHUKLA & BROS.**



# INCOME TAX from $15
## ACCOUNTING

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਓ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।

- Income Tax
- Book-Keeping
- Accounting & Incorporation
- Insurance(Life, Sickness, Group, Travel, Visitors)



MANGAT AGENCIES
No. 2-7171 King George HWY
SURREY, B.C.

C.S. Mangat
(Ex. Bank Manager)

594-5711 594-2254

(Authorized Ad)



# A.M.C. Carpet Ltd.

Unit 8 - 12950 - 80th Ave. Surrey, B.C.

Carpet-Vinyl-Hardwood — All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ

**Free Estimate —**
ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :
Phone for appointment



AMARJIT SINGH CHAHAL

Off. 594-6141
Res. 594-7595
Pager 680-0214



ਪ੍ਰਿੰਸ ਰੂਪਰਟ ਵਿਚ
ਹਿੰਦੀ, ਪੰਜਾਬੀ, ਪਾਕਿਸਤਾਨੀ ਮੂਵੀਆਂ ਲਈ

# ਮੋਨੀਕਾ ਵੀਡੀਓ

ਨੂੰ ਯਾਦ ਰੱਖੋ
ਜਿਥੋਂ ਤੁਹਾਨੂੰ ਨਵੀਆਂ ਫਿਲਮਾਂ ਤੇ ਵਧੀਆ ਪ੍ਰਿੰਟ ਮਿਲਦੇ ਹਨ

**ਫ਼ੋਨ ਕਰੋ : ਪਾਲ ਮੋਦਗਿੱਲ**

627-1637


## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To
The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a □ cheque □ M.O. □ Draft as my Subscription for the year(s)....... I may be sent the newspaper at the following address :

Name.........................................
Address.....................................
City..........................................
Province....................................
Postal code.................................
PHONE.

| | |
|---|---|
| One Year .................. | 30 dollars |
| Two Year .................. | 55 dollars |
| Three year ................ | 80 dollars |
| Life membership.......... | 500 dollars |
| ASIA........................ | 150 dollars [a year] |
| U.S.A. ..................... | 35 dollars [a year] |
| Europe ..................... | 150 dollars [a year] |
| Africa ..................... | 150 dollars [a year] |

## ਆਜ਼ਾਦੀ ਦੀ ਵਰ੍ਹੇ-ਗੰਢ ਤੇ ਵਿਸ਼ੇਸ਼

# ਆਜ਼ਾਦੀ ਲਈ ਗਦਰੀਆਂ ਦਾ ਯੋਗ-ਦਾਨ

**ਰਘਬੀਰ ਸਿੰਘ**



ਸ਼੍ਰੀ ਰੂੜ ਸਿਘ 'ਚੂਹੜ ਚੱਕ'



ਸ਼੍ਰੀ ਸਚਿੰਦ੍ਰਨਾਥ ਸਾਨਿਯਾਲ

ਹਿਦੁਸਤਾਨ ਵਿਚ ਜਦੋਂ ਗ਼ਦਰ ਪਾਰਟੀ ਵਲੋਂ ਇਨਕਲਾਬ ਕਰਨ ਦੀ ਸਕੀਮ ਨਾਕਾਮ ਹੋਈ, ਸਮੇਂ ਦੇ ਥੋੜੇ ਜਿੰਨੇ ਫਰਕ ਨਾਲ ਲਗਪਗ ਉਦੋਂ ਹੀ, 1917 ਵਿਚ, ਰੂਸ ਵਿਚ ਮਹਾਨ ਇਤਿਹਾਸਕ ਘਟਨਾ ਵਾਪਰੀ, ਜਦੋਂ ਕਿ ਉਸ ਦੇਸ਼ ਦੀਆਂ ਇਨਕਲਾਬੀ ਸ਼ਕਤੀਆਂ ਨੇ ਜ਼ਾਰਸ਼ਾਹੀ ਦਾ ਖਾਤਮਾ ਕਰ ਦਿੱਤਾ ਅਤੇ ਵਲਾਦੀਮੀਰ ਇਲੀਆਨੋਵ ਲੈਨਿਨ ਦੀ ਅਗਵਾਈ ਵਿਚ ਕਿਰਤੀ ਸ਼੍ਰੇਣੀ ਦੀ ਪਾਰਟੀ, ਬਾਲਸ਼ਵਿਕ ਪਾਰਟੀ, ਨੇ ਰਾਜ-ਸੱਤਾ ਉਪਰ ਅਧਿਕਾਰ ਸਥਾਪਿਤ ਕਰ ਲਿਆ। ਕਿਰਤੀ ਵਰਗ ਦੇ ਇਸ ਰਾਜ ਦੀ ਸਥਾਪਨਾ ਨਾ ਕੇਵਲ ਰੂਸ ਦੇ ਇਤਿਹਾਸ ਵਿਚ ਇਕ ਕ੍ਰਾਂਤੀਕਾਰੀ ਘਟਨਾ ਸੀ, ਸਗੋਂ ਸਮੁੱਚੇ ਸੰਸਾਰ ਲਈ ਇਹ ਇਕ ਅਸਾਧਾਰਣ ਮਹੱਤਵ ਵਾਲਾ ਨਵਾਂ ਵਰਤਾਰਾ ਸੀ। ਰੂਸ ਦੇ ਇਸ ਇਨਕਲਾਬੀ ਪਰਿਵਰਤਨ ਦਾ ਸੰਸਾਰ ਭਰ ਵਿਚ ਅਥਾਹ ਪ੍ਰਭਾਵ ਪਿਆ। ਸੰਸਾਰ ਭਰ ਵਿਚ ਕਿਰਤੀ ਸ਼੍ਰੇਣੀ ਪੂੰਜੀਵਾਦੀ ਪ੍ਰਬੰਧ ਤੋਂ ਮੁਕਤੀ ਪ੍ਰਾਪਤ ਕਰਨ ਲਈ ਇਸ ਰਾਜ ਵੱਲ ਵੇਖਣ ਲੱਗੀ ਤਾਂ ਹਿੰਦੁਸਤਾਨ ਵਰਗੇ ਬਹੁਤ ਸਾਰੇ ਦੇਸ਼ਾਂ ਦੀਆਂ ਕੌਮੀ ਆਜ਼ਾਦੀ ਦੀਆਂ ਲਹਿਰਾਂ ਵੀ ਇਸ ਤੋਂ ਪ੍ਰਭਾਵਿਤ ਹੋਣੋਂ ਨਾ ਰਹਿ ਸਕੀਆਂ। ਇਹਨਾਂ ਲਹਿਰਾਂ ਵਿਚਲੀਆਂ ਇਨਕਲਾਬੀ ਸ਼ਕਤੀਆਂ ਤਾਂ ਵਿਸ਼ੇਸ਼ ਰੂਪ ਵਿਚ ਬਾਲਸ਼ਵਿਕ ਕ੍ਰਾਂਤੀ ਨੂੰ ਆਪਣੇ ਇਨਕਲਾਬੀ ਮਾਰਗ ਲਈ ਚਾਨਣ-ਮੁਨਾਰਾ ਸਮਝਣ ਲਗ ਪਈਆਂ।

ਸੋਵੀਅਤ ਯੂਨੀਅਨ ਦੀ ਕਿਰਤੀ ਸ਼੍ਰੇਣੀ ਅਤੇ ਉਸਦੀ ਪਾਰਟੀ ਵੀ ਆਪਣੇ ਇਨਕਲਾਬ ਨੂੰ ਇਕ ਸਥਾਨਕ ਘਟਨਾ ਨਹੀਂ ਸੀ ਸਮਝਦੀ, ਸਗੋਂ ਇਸ ਨੂੰ ਅੰਤਰਰਾਸ਼ਟਰੀ ਕ੍ਰਾਂਤੀਆਂ ਦੀ ਲੜੀ ਦਾ ਇਕ ਅੰਗ ਸਮਝਦੀ ਸੀ। ਸੰਸਾਰ ਭਰ ਦੇ ਕਿਰਤੀ ਵਰਗ ਨੂੰ ਪੂੰਜੀਵਾਦੀ ਪ੍ਰਬੰਧ ਤੋਂ ਮੁਕਤ ਕਰਾਉਣ ਅਤੇ ਸਾਮਰਾਜੀ ਗੁਲਾਮੀ ਵਿਚ ਜਕੜੇ ਦੇਸ਼ਾਂ ਨੂੰ ਸੁਤੰਤਰ ਕਰਾਉਣ ਵਿਚ ਸਹਾਈ ਹੋਣ ਦੇ ਕਾਰਜ ਨੂੰ ਉਹ ਆਪਣੇ ਮੁਖੀ ਕਾਰਜਾਂ ਵਿਚੋਂ ਮਿਥਦੀ ਸੀ। ਇਹੀ ਕਾਰਨ ਸੀ ਕਿ ਸੋਵੀਅਤ ਰਾਜ ਨੇ ਆਪਣੇ ਜਨਮ-ਕਾਲ ਤੋਂ ਹੀ ਵੱਖ ਵੱਖ ਦੇਸ਼ਾਂ ਦੀਆਂ ਇਨਕਲਾਬੀ ਲਹਿਰਾਂ ਦੀ ਸਹਾਇਤਾ ਅਰੰਭੀ। ਹਿੰਦੁਸਤਾਨ ਕਿਉਂਕਿ ਸਾਮਰਾਜੀ ਗੁਲਾਮੀ ਵਿਚ ਜਕੜੇ ਦੇਸ਼ਾਂ ਵਿਚੋਂ ਸਭ ਤੋਂ ਵੱਧ ਸਾਮਰਾਜੀ ਦਮਨ ਅਤੇ ਲੁੱਟ-ਚੋਂਘ ਦਾ ਸ਼ਿਕਾਰ ਸੀ, ਇਸ ਲਈ ਸੁਭਾਵਕ ਹੀ ਇਸ ਵਿਸ਼ਾਲ ਦੇਸ਼ ਨੇ ਰੂਸ ਦੇ ਬਾਲਸ਼ਿਵਕਾਂ ਦਾ ਵਧੇਰੇ ਧਿਆਨ ਖਿਚਿਆ। ਹਿੰਦੁਸਤਾਨ ਦੀ ਗੁਲਾਮੀ ਪ੍ਰਤੀ ਘਿਰਣਾ ਅਤੇ ਉਸ ਦੀ ਸੁਤੰਤਰਤਾ ਦੀ ਤਾਂਘ ਨਾਲ ਹਮਦਰਦੀ ਦੀ ਝਲਕ ਰੂਸੀ ਵਿਚ ਪ੍ਰਕਾਸ਼ਿਤ ਉਦੋਂ ਦੇ ਇਕ ਬਾਲਸ਼ਵਿਕ ਕਿਤਾਬਚੇ "ਹਿੰਦੁਸਤਾਨ ਹਿੰਦੁਸਤਾਨੀਆਂ ਲਈ" ਵਿਚੋਂ ਮਿਲਦੀ ਹੈ। ਹਿੰਦੁਸਤਾਨ ਨਾਲ ਸੰਬੰਧਿਤ ਰੂਸੀ ਸਰਕਾਰੀ ਦਸਤਾਵੇਜ਼ਾਂ ਦੇ ਇਸ ਸੰਗ੍ਰਹਿ ਦੇ ਮੁਖਬੰਧ ਵਿਚ ਲਿਖਿਆ ਹੋਇਆ ਸੀ :

"ਅਸਾਂ ਰੂਸੀਆਂ ਲਈ ਜਿੰਨ੍ਹਾਂ ਨੂੰ ਖੁਦ ਪੱਛਮੀ ਯੂਰਪ ਜਾਂ ਸ਼ਾਇਦ ਅਮਰੀਕਾ ਜਾਂ ਜਾਪਾਨੀ ਸਾਮਰਾਜ ਦੀ ਬਸਤੀ ਬਣਾ ਲਏ ਜਾਣ ਦਾ ਗੰਭੀਰ ਖਤਰਾ ਮੌਜੂਦ ਹੈ, ਹਿੰਦੁਸਤਾਨ, ਜੋ ਬਹੁਤ ਹਾਲਤਾਂ ਵਿਚ ਇਹਨਾਂ ਦੇ ਦਮਨ ਦਾ ਸ਼ਿਕਾਰ ਹੈ, ਸਾਂਝੇ ਦੁਸ਼ਮਣ ਵਿਰੁੱਧ ਸੰਘਰਸ਼ ਦੇ ਕਾਰਜ ਵਿਚ ਸੁਭਾਵਕ ਸੰਗੀ ਹੋ ਸਕਦਾ ਹੈ।"

"ਇਸ ਲਈ ਸਾਡੀ ਇੱਛਾ ਹੈ ਕਿ ਇਹ ਸੰਗ੍ਰਹਿ ਹਾਲ ਦੀ ਘੜੀ ਪੂਰਬ ਦੇ ਅਸਾਡੇ ਮਿੱਤਰਾਂ ਲਈ, ਅਤਿਅੰਤ ਦਮਨ ਦਾ ਸ਼ਿਕਾਰ ਹਿੰਦੁਸਤਾਨੀ ਲੋਕਾਂ ਲਈ, ਸਾਡੀ ਸਾਰੀ ਹਮਦਰਦੀ ਦਾ ਪਹਿਲਾ ਨਿਗੂਣਾ ਜਿਹਾ ਪ੍ਰਮਾਣ ਸਾਬਤ ਹੋਵੇ। ਇਹ ਇਕ ਤਰ੍ਹਾਂ ਦਾ ਪ੍ਰਣ ਹੈ ਕਿ ਨੇੜ-ਭਵਿਖ ਵਿਚ ਸਾਡੇ ਇਨਕਲਾਬੀ ਰਾਹ ਨਾ ਕੇਵਲ ਬਦੇਸ਼ੀ ਰਾਜ ਤੋਂ ਮੁਕਤੀ ਦੇ ਸੰਘਰਸ਼ ਵਿਚ ਸਗੋਂ ਸਮਾਜੀ ਉਸਾਰੀ ਦੇ ਵਿਸ਼ਾਲਤਰ ਅਧਾਰ ਉਤੇ ਚਾਈਂ ਚਾਈਂ ਇਕੱਠੇ ਹੋਣਗੇ।"[1]

ਰੂਸੀ ਕ੍ਰਾਂਤੀ ਤੋਂ ਪਹਿਲਾਂ ਅੰਤਰਰਾਸ਼ਟਰੀ ਪੱਧਰ ਉਪਰ ਮਾਰਕਸਵਾਦੀ ਵਿਚਾਰਧਾਰਾ ਦੇ ਆਧਾਰ ਉਤੇ ਇਕ ਸੰਗਠਨ ਮੌਜੂਦ ਸੀ ਜੋ ਪੂੰਜੀਵਾਦੀ ਪ੍ਰਬੰਧ ਅਤੇ ਸਾਮਰਾਜੀ ਲੁੱਟ-ਖਸੁੱਟ ਵਿਰੁੱਧ ਵਿਭਿੰਨ ਦੇਸ਼ਾਂ ਵਿਚਲੇ ਸੰਘਰਸ਼ ਨੂੰ ਇਕ ਲੜੀ ਵਿਚ ਲਿਆਉਣ ਦਾ ਕੰਮ ਕਰਦਾ ਸੀ। ਪਰ ਪਹਿਲੇ ਸੰਸਾਰ ਯੁੱਧ ਦੌਰਾਨ ਜੰਗ ਵਿਚ ਸ਼ਾਮਿਲ ਵੱਖ ਵੱਖ ਸਾਮਰਾਜੀ ਦੇਸ਼ਾਂ ਵਿਚਲੀਆਂ ਇਸ ਸੰਗਠਨ ਦੀਆਂ ਅੰਗ ਸੋਸ਼ਲਿਸਟ ਪਾਰਟੀਆਂ ਆਪੋ ਆਪਣੀ ਸਰਮਾਏਦਾਰੀ ਦੀਆਂ ਪਿਛਲੱਗ ਬਣ ਗਈਆਂ ਸਨ। ਇਸ ਲਈ ਸਾਮਰਾਜ-ਵਿਰੋਧੀ ਤੇ ਪੂੰਜੀਵਾਦ-ਵਿਰੋਧੀ ਇਨਕਲਾਬੀ ਸ਼ਕਤੀਆਂ ਨੂੰ ਮਜਬੂਤ ਤੇ ਇਕਮੁੱਠ ਕਰਨ ਲਈ ਲੈਨਿਨ ਨੇ ਤੀਸਰੀ ਇੰਟਰਨੈਸ਼ਨਲ ਦਾ ਗਠਨ ਕੀਤਾ, ਜਿਸ ਵਿਚ ਸਹੀ ਅਰਥਾਂ ਵਿਚ ਮਾਰਕਸਵਾਦੀ ਵਿਚਾਰਧਾਰਾ ਵਾਲੀਆਂ ਸਮਾਜਵਾਦੀ ਪਾਰਟੀਆਂ ਸ਼ਾਮਲ ਸਨ। ਤੀਸਰੀ ਇੰਟਰਨੈਸ਼ਨਲ ਨੇ ਨਾ ਕੇਵਲ ਸਭ ਦੇਸ਼ਾਂ ਦੀਆਂ ਕਿਰਤੀ ਵਰਗ ਦੀਆਂ ਰਾਜਸੀ ਇਨਕਲਾਬੀ ਪਾਰਟੀਆਂ ਨੂੰ ਆਪਣੇ ਨਾਲ ਰਲਾਇਆ ਸਗੋਂ ਗੁਲਾਮ ਅਤੇ ਅਰਧ-ਗੁਲਾਮ ਦੇਸ਼ਾਂ ਦੀਆਂ ਕੌਮੀ ਆਜ਼ਾਦੀ ਦੀਆਂ ਲਹਿਰਾਂ ਅੰਦਰਲੀਆਂ ਇਨਕਲਾਬੀ ਸ਼ਕਤੀਆਂ ਦੀ ਵੀ ਬਾਂਹ ਫੜੀ। ਨਤੀਜੇ ਵਜੋਂ ਵਿਭਿੰਨ ਦੇਸ਼ਾਂ ਦੇ ਕੌਮੀ ਅੰਦੋਲਨ ਸੋਵੀਅਤ ਰਾਜ-ਸੱਤਾ ਤੇ ਤੀਸਰੀ ਇੰਟਰਨੈਸ਼ਨਲ ਦੀ ਸਹਾਇਤਾ ਅਤੇ ਪ੍ਰੇਰਣਾ ਨਾਲ ਮਜ਼ਬੂਤ ਕਦਮਾਂ ਨਾਲ ਅੱਗੇ ਤੁਰਨ ਲੱਗੇ। ਹਿੰਦੁਸਤਾਨ ਗਦਰ ਪਾਰਟੀ ਵੀ ਅਜਿਹੇ ਅੰਦੋਲਨਾਂ ਤੇ ਸੰਗਠਨਾਂ ਵਿਚੋਂ ਇਕ ਸੀ।

ਆਪਣੀ ਇਸ ਨੀਤੀ ਅਧੀਨ ਤੀਸਰੀ ਇੰਟਰਨੈਸ਼ਨਲ ਨੇ ਹਿੰਦੁਸਤਾਨ ਦੀ ਗਦਰ ਪਾਰਟੀ ਨਾਲ ਸਬੰਧ ਸਥਾਪਿਤ ਕੀਤੇ। ਇਕ ਰੂਸੀ ਬਾਲਸ਼ਵਿਕ ਕਾਰਲ ਸੈਦੂਰਗ, ਜੋ 1919 ਦੇ ਆਰੰਭ ਵਿਚ ਅਮਰੀਕਾ ਵਿਚ ਗ੍ਰਿਫਤਾਰ ਕੀਤਾ ਗਿਆ, ਪ੍ਰਤੀਤ ਹੁੰਦਾ ਹੈ ਗਦਰ ਪਾਰਟੀ ਨਾਲ ਸੰਬੰਧ ਸਥਾਪਿਤ ਕਰਨ ਦੇ ਜਤਨਾਂ ਵਿਚ ਸੀ। ਗਦਰ ਪਾਰਟੀ ਦੇ ਆਗੂ ਭਾਈ ਸੰਤੋਖ ਸਿੰਘ ਸਾਨਫਰਾਂਸਿਸਕੋ ਮੁਕੱਦਮੇ ਵਿਚ ਜੇਲ੍ਹ ਭੁਗਤਣ ਸਮੇਂ ਕਮਿਊਨਿਸਟ ਆਗੂਆਂ ਨਾਲ ਮੇਲ-ਜੋਲ ਕਾਰਨ ਅਤੇ ਮਾਰਕਸਵਾਦੀ ਲਿਖਤਾਂ ਦੇ ਅਧਿਐਨ ਕਾਰਨ ਕਮਿਊਨਿਸਟ ਵਿਚਾਰਾਂ ਵੱਲ ਪਹਿਲਾਂ ਹੀ ਪ੍ਰੇਰਿਤ ਹੋ ਚੁੱਕੇ ਸਨ। ਭਾਵੇਂ ਅਜੇ ਵੀ ਉਹਨਾਂ ਵਿਚ ਰਾਸ਼ਟਰਵਾਦ ਦਾ ਜਜ਼ਬਾ ਬਹੁਤ ਪ੍ਰਬਲ ਸੀ ਪਰ ਹੁਣ ਉਹ ਸਮਝਣ ਲਗ ਪਏ ਸਨ :

"ਮੇਰੀ ਸਪਸ਼ਟ ਰਾਏ ਹੈ ਕਿ ਹਿੰਦੁਸਤਾਨ ਨੂੰ ਰਾਜਨੀਤਕ, ਸਮਾਜਕ ਅਤੇ ਉਦਯੋਗਿਕ ਇਨਕਲਾਬ ਦੀ ਆਵੱਸ਼ਕਤਾ ਹੈ। ਇਕ ਆਜ਼ਾਦ ਹਿੰਦੁਸਤਾਨ ਜਿਸ ਦੀਆਂ ਸਮਾਜਕ ਤੇ ਆਰਥਿਕ ਸਮੱਸਿਆਵਾਂ ਅਣਸੁਲਝੀਆਂ ਹੋਣ, ਮੇਰੀ ਤਰਕ ਨੂੰ ਪ੍ਰਭਾਵਤ ਨਹੀਂ ਕਰਦਾ।"[2]

ਇਸ ਲਈ ਜਦੋਂ ਸਤੰਬਰ 1919 ਵਿਚ ਇਹ ਆਗੂ ਜੇਲ੍ਹਾਂ ਭੁਗਤਕੇ ਬਾਹਰ ਆਏ ਅਤੇ ਤੀਸਰੀ ਇੰਟਰਨੈਸ਼ਨਲ ਵੱਲੋਂ ਅਮਰੀਕਾ ਦੀ ਕਮਿਊਨਿਸਟ ਪਾਰਟੀ ਨੇ ਇਨ੍ਹਾਂ ਨਾਲ ਗੱਲ ਕੀਤੀ ਤਾਂ ਉਹ ਛੇਤੀ ਹੀ ਉਸ ਨਾਲ ਸਹਿਮਤ ਹੋ ਗਏ। ਇਸ ਸਮੇਂ ਤਕ ਵੀ ਗਦਰੀ ਵਰਕਰਾਂ ਤੇ ਬਹੁਤ ਸਾਰੇ ਆਗੂਆਂ ਨੂੰ ਕਮਿਊਨਿਜ਼ਮ ਬਾਰੇ ਕੁਝ ਪਤਾ ਨਹੀਂ ਸੀ, ਉਹ ਸਾਰੇ ਮਹਿਜ਼ ਕੌਮਪ੍ਰਸਤ ਸਨ। ਤਦ ਵੀ ਭਾਈ ਸੰਤੋਖ ਸਿੰਘ ਨੇ ਪਾਰਟੀ ਦਾ ਮੂੰਹ ਇਸ ਪਾਸੇ ਕਰਨ ਲਈ ਕੁਝ ਕੁਝ ਯਤਨ ਆਰੰਭਿਆ। ਨਵੰਬਰ 1920 ਦੀ ਹਿੰਦ ਸਰਕਾਰ ਦੀ ਇਕ ਖੁਫੀਆ ਰੀਪੋਰਟ ਅਨੁਸਾਰ "ਭਾਈ ਸੰਤੋਖ ਸਿੰਘ ਲੋਕਾਂ ਨੂੰ ਮਾਰਕਸੀ ਸਿਧਾਂਤ ਦਾ ਅਧਿਐਨ ਕਰਨ ਅਤੇ ਰੂਸੀ ਸਿੱਖਣ ਦੀ ਪ੍ਰੇਰਣਾ ਦਿੰਦੇ ਸੀ।"[3]

ਸ਼ੁਰੂ ਵਿਚ ਭਾਈ ਸੰਤੋਖ ਸਿੰਘ ਯੁਗਾਂਤਰ ਆਸ਼ਰਮ ਵਿਚ ਰਹਿੰਦੇ ਸਨ ਅਤੇ ਪਾਰਟੀ ਨੂੰ ਸੰਗਠਤ ਕਰਨ ਵਿਚ ਰੁੱਝੇ ਹੋਏ ਸਨ। ਇਸ ਸਮੇਂ ਤੱਕ ਉਹ ਮਾਰਕਸੀ ਸਾਹਿਤ ਪੜ੍ਹਕੇ ਉਸਤੋਂ ਕਾਫੀ ਜ਼ਿਆਦਾ ਪ੍ਰਭਾਵਿਤ ਹੋ ਚੁੱਕੇ ਸਨ। ਜਦੋਂ ਜਥੇਬੰਦੀ ਦਾ ਕੰਮ ਕੁਝ ਠੀਕ ਹੋ ਗਿਆ ਤਾਂ ਉਹਨਾਂ ਦੇਸ਼ ਵਿਚਲੀ ਹਾਲਤ ਵੱਲ ਧਿਆਨ ਦੇਣ ਦਾ ਯਤਨ ਕੀਤਾ। ਚਿੱਠੀ-ਪੱਤਰ ਰਾਹੀਂ ਉਹ ਦੇਸ਼ ਵਿਚਲੇ ਆਗੂਆਂ ਨਾਲ ਸਬੰਧ ਸਥਾਪਿਤ ਕਰ ਚੁਕੇ ਸਨ, ਪਰ ਉਥੇ ਨਵੀਂ ਸੋਚ ਦੀ ਅਣਹੋਂਦ ਨੂੰ ਉਹ ਬੁਰੀ ਤਰ੍ਹਾਂ ਮਹਿਸੂਸ ਕਰਦੇ ਸਨ। ਇਸ ਲਈ ਉਹਨਾਂ ਦੀ ਇਛਾ ਸੀ ਕਿ ਉਹ ਛੇਤੀ ਤੋਂ ਛੇਤੀ ਦੇਸ਼ ਪਰਤਣ। ਮੁਜ਼ਾਹਮਤ ਦੀ ਲਹਿਰ ਅਤੇ ਹੋਮ ਰੂਲ ਲੀਗ ਦੇ ਆਦਰਸ਼ਾਂ ਦੀਆਂ ਕਮਜ਼ੋਰੀਆਂ ਨੂੰ ਉਹ ਭਲੀ ਭਾਂਤ ਸਮਝਦੇ ਸਨ। ਲੋਕਾਂ ਨੂੰ ਲੈ ਕੇ ਵਿਸ਼ਾਲ ਪੱਧਰ ਉਪਰ ਸੰਗਠਿਤ ਹਥਿਆਰਬੰਦ ਬਗਾਵਤ ਉਹਨਾਂ ਦਾ ਉਦੇਸ਼ ਸੀ ਅਤੇ ਇਹ ਕੁਝ ਪ੍ਰਚਾਰਨ ਲਈ ਉਹ ਸਮਝਦੇ ਸਨ ਕਿ ਉਹਨਾਂ ਦਾ ਦੇਸ਼ ਵਿਚ ਪੁੱਜਣਾ ਜ਼ਰੂਰੀ ਸੀ।

ਇਹਨੀਂ ਦਿਨੀਂ ਹੀ ਕਮਿਊਨਿਸਟ ਇੰਟਰਨੈਸ਼ਨਲ ਵਲੋਂ ਗਦਰ ਪਾਰਟੀ ਨੂੰ ਆਪਣੇ ਦੋ ਪ੍ਰਤੀਨਿਧ ਮਾਸਕੋ ਭੇਜਣ ਦਾ ਸੱਦਾ ਆਇਆ। ਭਾਈ ਸੰਤੋਖ ਸਿੰਘ ਨੇ ਰੂਸ ਰਾਹੀਂ ਹੋ ਕੇ ਦੇਸ਼ ਪਰਤਣ ਦਾ ਪ੍ਰੋਗਰਾਮ ਬਣਾ ਲਿਆ। ਦੂਜੇ ਪ੍ਰਤੀਨਿਧ ਵਜੋਂ ਭਾਈ ਰਤਨ ਸਿੰਘ ਨੂੰ ਤਿਆਰ ਕੀਤਾ ਗਿਆ।

ਜੂਨ 1922 ਵਿਚ ਭਾਈ ਸੰਤੋਖ ਸਿੰਘ ਅਤੇ ਭਾਈ ਰਤਨ ਸਿੰਘ ਯੁਗਾਂਤਰ ਆਸ਼ਰਮ ਤੋਂ ਵਿਦਾ ਹੋਏ। ਅਗਸਤ 1922 ਵਿਚ ਸਾਰੇ ਪ੍ਰਬੰਧ ਹੋਣ ਉਪਰੰਤ ਉਹ ਨਿਊਯਾਰਕ ਤੋਂ ਮਾਸਕੋ ਲਈ ਰਵਾਨਾ ਹੋਏ ਅਤੇ ਨਵੰਬਰ 1922 ਦੇ ਪਹਿਲੇ ਹਫਤੇ ਮਾਸਕੋ ਪਹੁੰਚ ਗਏ। ਜਾਣ ਦਾ ਪ੍ਰਬੰਧ ਇਸ ਸੁਚੱਜਤਾ ਨਾਲ ਕੀਤਾ ਗਿਆ ਕਿ ਅੰਗਰੇਜ਼ੀ ਸਰਕਾਰ ਦੀ ਖੁਫੀਆ ਪੁਲਸ, ਜੋ ਗਦਰ ਪਾਰਟੀ ਦੀ ਹਰ ਸਰਗਰਮੀ ਦਾ ਪੂਰਾ ਪੂਰਾ ਖਿਆਲ ਰਖਦੀ ਸੀ, ਛੇ ਮਹੀਨੇ ਤਕ ਉਕਾ ਹੀ ਕੋਈ ਪਤਾ ਨਾ ਲਾ ਸਕੀ ਕਿ ਦੋਵੇਂ ਗਦਰੀ ਆਗੂ ਕਿਥੇ ਗਏ ਸਨ। ਸੋਵੀਅਤ ਰੂਸ ਵਿਚ ਦੋਨਾਂ ਗਦਰੀ ਆਗੂਆਂ ਨੇ ਆਪਣੇ ਛੇ ਕੁ ਮਹੀਨੇ ਦੇ ਨਿਵਾਸ ਦੌਰਾਨ ਮਾਰਕਸਵਾਦੀ ਵਿਚਾਰਧਾਰਾ ਅਨੁਸਾਰ ਉਸਰ ਰਹੇ ਨਵੇਂ ਸਮਾਜਕ ਪ੍ਰਬੰਧ ਨੂੰ ਆਪਣੀ ਅੱਖੀਂ ਵੇਖਿਆ ਤੇ ਇਸ ਤਰ੍ਹਾਂ ਮਾਰਕਸਵਾਦ ਦਾ ਅਮਲੀ ਗਿਆਨ ਪ੍ਰਾਪਤ ਕੀਤਾ। ਮਾਸਕੋ ਵਿਚ ਉਨ੍ਹਾਂ 5 ਨਵੰਬਰ ਤੋਂ 5 ਦਸੰਬਰ 1922 ਤੱਕ ਹੋਈ ਤੀਸਰੀ ਇੰਟਰਨੈਸ਼ਨਲ ਦੀ ਚੌਥੀ ਕਾਂਗਰਸ ਦੇ ਸਮਾਗਮਾਂ ਵਿਚ ਭਾਗ ਲਿਆ। ਉਪਰੰਤ ਹਿੰਦੁਸਤਾਨ ਦੇ ਇਨਕਲਾਬ ਦੀਆਂ ਸਮੱਸਿਆਵਾਂ ਸਬੰਧੀ ਜਿਨੋਵੀਏਵ ਨਾਲ ਲੰਮਾ ਵਿਚਾਰ-ਵਟਾਂਦਰਾ ਵੀ ਕੀਤਾ। ਬਰਤਾਨਵੀ ਸਰਕਾਰ ਨੂੰ ਬਹੁਤ ਚਿਰ ਮਗਰੋਂ ਵੀ ਗਦਰੀ ਆਗੂਆਂ ਦੀ ਮਾਸਕੋ ਯਾਤਰਾ ਬਾਰੇ ਪੂਰਾ ਪਤਾ ਨਹੀਂ ਸੀ। ਖੁਫੀਆ ਵਿਭਾਗ ਨੇ ਸ਼ੰਕਾ ਜਿਹੀ ਨਾਲ ਲਿਖਿਆ ਕਿ "ਰੈਡ ਲੇਬਰ ਇੰਟਰਨੈਸ਼ਨਲ ਦੀ ਦੂਸਰੀ ਕਾਂਗਰਸ ਵਿਚ ਮਿਸਟਰ ਸਿੰਘ ਵਲੋਂ ਦਿੱਤਾ ਗਿਆ ਭਾਸ਼ਨ ਸੰਤੋਖ ਸਿੰਘ ਵੱਲੋਂ ਦਿੱਤਾ ਗਿਆ ਭਾਸ਼ਨ ਹੀ ਖਿਆਲ ਕੀਤਾ ਜਾਂਦਾ ਹੈ।"[4]

ਦੋਨਾਂ ਗਦਰੀ ਆਗੂਆਂ ਨੇ ਮਾਸਕੋ ਵਿਚ ਕੌਮੰਤਰਨ ਦੇ ਆਗੂਆਂ ਨਾਲ ਵਿਚਾਰ-ਵਟਾਂਦਰੇ ਤੋਂ ਬਿਨਾਂ ਬਰਲਿਨ ਵਿਚ ਸਥਾਪਤ ਹੋਈ ਹਿੰਦੁਸਤਾਨੀ ਕਮਿਊਨਿਸਟ ਪਾਰਟੀ ਦੇ ਕਾਰਕੁਨਾਂ ਨਾਲ ਵੀ ਗੱਲਬਾਤ ਕੀਤੀ ਅਤੇ ਦੇਸ਼ ਵਿਚ ਕੰਮ ਕਰਨ ਸੰਬੰਧੀ ਮਿਲਵੀਂ ਯੋਜਨਾ ਬਣਾਈ।

1923 ਵਿਚ ਮਾਸਕੋ ਤੋਂ ਪਰਤਦਿਆਂ ਭਾਈ ਸੰਤੋਖ ਸਿੰਘ ਤੇ ਭਾਈ ਰਤਨ ਸਿੰਘ ਯੂਰਪੀ ਦੇਸ਼ਾਂ ਅਤੇ ਈਰਾਨ ਦੇ ਰਾਹ ਅਫਗਾਨਿਸਤਾਨ ਪਹੁੰਚੇ। ਇਕ ਦਿਨ ਜਦੋਂ ਕਾਬਲ ਦੇ ਗਦਰੀ ਅੱਡੇ ਵਿਚ ਬਾਬਾ ਗੁਰਮੁਖ ਸਿੰਘ ਇਕੱਲਾ ਹੀ ਸੀ ਤਾਂ ਉਸ ਨੂੰ ਸੁਨੇਹਾ ਮਿਲਿਆ ਕਿ ਈਰਾਨ ਵਲੋਂ ਘੋੜਿਆਂ ਉਤੇ ਆਏ ਦੋ ਵਿਅਕਤੀ ਉਸਨੂੰ ਸਥਾਨਕ ਗੁਰਦੁਆਰੇ ਵਿਚ ਉਡੀਕ ਰਹੇ ਹਨ। ਸੁਨੇਹਾ ਮਿਲਣ ਉਤੇ ਬਾਬਾ ਗੁਰਮੁਖ ਸਿੰਘ ਉਹਨਾਂ ਨੂੰ ਮਿਲਣ ਗਏ। ਭਾਵੇਂ ਸੰਤੋਖ ਸਿੰਘ ਦੀ ਗੁਰਮੁਖ ਸਿੰਘ ਨਾਲ ਇਹ ਪਹਿਲੀ ਮਿਲਣੀ ਸੀ ਪਰ ਹੁਣ ਤਕ ਇਕ ਸਾਂਝੇ ਕਾਜ਼ ਵਿਚ ਕੰਮ ਕਰਦੇ ਹੋਣ ਕਰਕੇ ਉਹ ਬਿਨਾਂ ਮਿਲਿਆਂ ਹੀ ਚੋਖੀ ਪਰਸਪਰ ਜਾਣਕਾਰੀ ਹਾਸਲ ਕਰ ਚੁੱਕੇ ਸਨ। ਭਾਈ ਸੰਤੋਖ ਸਿੰਘ ਤੇ ਰਤਨ ਸਿੰਘ ਨੇ ਗੁਰਮੁਖ ਸਿੰਘ ਨੂੰ ਪਾਰਟੀ ਦੇ ਨਵੇਂ ਕਾਰਜ-ਕਰਮ ਬਾਰੇ ਜਾਣਕਾਰੀ ਕਰਾਈ। ਕੁਝ ਦਿਨਾਂ ਪਿਛੋਂ ਊਧਮ ਸਿੰਘ ਕਸੇਲ ਵੀ ਪੰਜਾਬ ਤੋਂ ਆ ਗਿਆ ਜੋ ਦੋਨਾਂ ਗਦਰੀ ਆਗੂਆਂ ਨੂੰ ਪਹਿਲਾਂ ਤੋਂ ਹੀ, ਅਮਰੀਕਾ ਵਿਚ ਰਹਿਣ ਸਮੇਂ ਤੋਂ, ਜਾਣਦਾ ਆਇਆ ਸੀ। ਅਤੇ ਦੋਨਾਂ ਸਾਥੀਆਂ ਨੇ ਗੁਰਮੁਖ ਸਿੰਘ ਅਤੇ ਊਧਮ ਸਿੰਘ ਕਸੇਲ ਨੂੰ ਨਵੇਂ ਵਿਚਾਰਾਂ ਤੋਂ ਜਾਣੂ ਕਰਾਇਆ। ਭਾਈ ਸੰਤੋਖ ਸਿੰਘ ਦੀ ਅਗਵਾਈ ਵਿਚ ਜੁਝਾਰ ਗਦਰੀਆਂ ਵਲੋਂ ਘੜੀ ਗਈ ਇਸ ਯੋਜਨਾ ਦਾ ਹੀ ਫਲ ਸੀ ਕਿ ਪੰਜਾਬ ਵਿਚ ਬਦੇਸ਼ੀ ਸਾਮਰਾਜ ਦੀ ਗੁਲਾਮੀ ਤੋਂ ਸੁਤੰਤਰਤਾ ਪ੍ਰਾਪਤ ਕਰਨ ਦੀ ਖਾਤਰ ਅਤੇ ਕਿਰਤੀ ਕਿਸਾਨ ਦੀ ਸਰਦਾਰੀ ਦੇ ਸੰਘਰਸ਼ ਵਿਚ ਇਕ ਨਵੇਂ ਕਾਂਡ ਦਾ ਆਰੰਭ ਹੋਇਆ।

ਭਾਈ ਸੰਤੋਖ ਸਿੰਘ ਨੇ ਦੇਸ਼ ਪਰਤਕੇ ਭਾਵੇਂ ਕਿਰਤੀ ਅਖਬਾਰ ਜਾਰੀ ਕਰਨ, ਕਿਰਤੀ ਕਿਸਾਨ ਪਾਰਟੀ ਸੰਗਠਤ ਕਰਨ ਅਤੇ ਸਭ ਕੌਮਪ੍ਰਸਤਾਂ ਨੂੰ ਇਕੱਠੇ ਕਰਨ ਵਰਗੇ ਬਹੁਤ ਵੱਡੇ ਕਾਰਜ ਅਰੰਭੇ, ਪਰ ਉਹ ਬਹੁਤੀ ਦੇਰ ਜਿਉਂਦੇ ਨਾ ਰਹਿ ਸਕੇ। ਭਾਈ ਰਤਨ ਸਿੰਘ ਥੋੜਾ ਸਮਾਂ ਰਹਿ ਕੇ ਵਾਪਸ ਵਰਤ ਗਏ ਅਤੇ ਕੌਮੰਤਰਨ ਦੇ ਪ੍ਰਤਿਨਿਧ ਵਜੋਂ ਯੂਰਪ ਵਿਚ ਰਹਿਕੇ ਕੰਮ ਕਰਨ ਲੱਗੇ। ਉਹਨਾਂ ਦੇ ਯਤਨਾਂ ਨਾਲ ਮਗਰੋਂ ਗਦਰ ਪਾਰਟੀ ਦੇ ਸਾਨਫਰਾਂਸਿਸਕੋ ਵਿਚਲੇ ਹੈਡ ਕੁਆਰਟਰ ਦਾ ਅਤੇ ਹੋਰ ਗਦਰੀ ਇਕਾਈਆਂ ਦਾ ਸੋਵੀਅਤ ਯੂਨੀਅਨ ਨਾਲ ਬਾਕਾਇਦਾ ਸੰਬੰਧ ਸਥਾਪਿਤ ਹੋ ਗਿਆ।

ਕੁਮਤਰਨ ਨਾਲ ਬਾਕਾਇਦਾ ਸਾਂਝ ਪੈਣ ਤੋਂ ਪਿਛੋਂ ਇਹ ਫੈਸਲਾ ਹੋਇਆ ਕਿ ਗਦਰ ਪਾਰਟੀ ਦੇ ਕਾਰਕੁਨ ਮਾਸਕੋ ਵਿਚ ਸਿਖਲਾਈ ਲਈ ਆਉਣ। ਬਾਲਸ਼ਵਿਕ ਇਨਕਲਾਬ ਦੀ ਸਫਲਤਾ ਪਿਛੋਂ ਸੋਵੀਅਤ ਕਮਿਊਨਿਸਟ ਪਾਰਟੀ ਨੇ ਆਪਣਾ ਇਹ ਫਰਜ਼ ਮਿਥ ਲਿਆ ਸੀ ਕਿ ਉਹ ਸੰਸਾਰ ਦੇ ਵਿਭਿੰਨ ਦੇਸ਼ਾਂ ਵਿਚ ਮਜ਼ਦੂਰ ਇਨਕਲਾਬਾਂ ਦੀ ਸਹਾਇਤਾ ਕਰੇ। ਇਸ ਲਈ ਮਾਸਕੋ ਵਿਚ ਇਕ ਅਜਿਹੀ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ ਜੋ ਵੱਖ ਵੱਖ ਦੇਸ਼ਾਂ ਦੇ ਇਨਕਲਾਬੀਆਂ ਅਤੇ ਰਾਸ਼ਟਰਵਾਦੀਆਂ ਨੂੰ ਉਨ੍ਹਾਂ ਦੇ ਸੰਗਰਾਮ ਠੀਕ ਤਰੀਕੇ ਨਾਲ ਲੜਨ ਲਈ ਸਿਖਲਾਈ ਦਿੰਦੀ ਸੀ। ਏਸ਼ੀਆ, ਯੂਰਪ, ਅਫਰੀਕਾ, ਲਾਤਨ ਅਮਰੀਕਾ ਦੇ ਦੇਸ਼ਾਂ ਦੇ ਅਨੇਕਾਂ ਸੰਗਰਾਮੀਆਂ ਨੇ ਇਸ ਯੂਨੀਵਰਸਿਟੀ ਵਿਚੋਂ ਸਿਖਲਾਈ ਪ੍ਰਾਪਤ ਕੀਤੀ। ਕਮਿਊਨਿਸਟ ਦੁਸ਼ਮਣਾਂ ਦੀਆਂ ਨਿਗਾਹਾਂ ਵਿਚ ਇਹ ਯੂਨੀਵਰਸਿਟੀ ਬਹੁਤ ਰੜਕਦੀ ਸੀ ਅਤੇ ਉਨ੍ਹਾਂ ਅਨੁਸਾਰ 'ਇਹ ਭੰਨ-ਤੋੜ ਅਤੇ ਆਪਣੇ ਦੇਸ਼ਾਂ ਨਾਲ ਮਹਾਂ ਗੱਦਾਰੀ ਦਾ ਇਕ ਅੱਡਾ ਸੀ।'[5] ਪਰ ਇਹ ਹਕੀਕਤ ਹੈ ਕਿ ਅਨੇਕਾਂ ਸੂਰਮੇ ਇਸ ਯੂਨੀਵਰਸਿਟੀ ਵਿਚ ਆਏ ਜਿਨ੍ਹਾਂ ਨੇ ਮਗਰੋਂ ਆਪਣੇ ਆਪਣੇ ਦੇਸ਼ਾਂ ਵਿਚ ਕੌਮੀ ਮੁਕਤੀ ਦੇ ਅਤੇ ਕਿਰਤੀ ਇਨਕਲਾਬ ਦੇ ਮਹਾਨ ਕਾਰਜ ਨੇਪਰੇ ਚਾੜ੍ਹੇ।

→

ਸਿੰਘ ਝੰਡੇਆਣਾ ਖਲੀਮ ਜੁਮਾ, ਨਿਰੰਜਨ ਸਿੰਘ ਪੰਡੋਰੀ ਹੈਨਰੀ ਜੋਨ, ਮੇਲਾ ਸਿੰਘ ਬਿਲਗਾ ਮੈਕਸ ਸ਼ਫੀ, ਸਵਰਨ ਸਿੰਘ ਮੰਢਾਲੀ ਜੋਸ ਦੈਮ ਜੁਆਮ ਅਤੇ ਰਾਜਾ ਸਿੰਘ ਖੜੌਦੀ ਲੂਈਸ ਪੇਰੇਰ ਕਰਕੇ ਜਾਣੇ ਜਾਂਦੇ ਸਨ।[10]

ਯੂਨੀਵਰਸਿਟੀ ਵਿਚ ਦਾਖਲ ਕਰਨ ਤੋਂ ਪਹਿਲਾਂ ਹਰ ਇਕ ਦੀ ਮਾਨਸਿਕ ਬਣਤਰ ਦਾ ਪਤਾ ਕੀਤਾ ਜਾਂਦਾ ਸੀ ਅਤੇ ਉਸ ਅਨੁਸਾਰ ਹੀ ਸਿਖਲਾਈ ਦਾ ਪ੍ਰਬੰਧ ਕੀਤਾ ਜਾਂਦਾ ਸੀ। ਉਦਾਹਰਣ ਵਜੋਂ ਰਾਮ ਸਿੰਘ ਦੱਤ ਨੂੰ ਬਾਕੀਆਂ ਨਾਲ ਨਹੀਂ ਸੀ ਮਿਲਾਇਆ ਗਿਆ ਕਿਉਂਕਿ ਉਸਦੀ ਮਾਨਸਿਕ ਬਣਤਰ ਉਪਰ ਇਸ ਕਾਰਨ ਸ਼ੰਕਾ ਹੋ ਗਿਆ ਸੀ ਕਿ ਉਸ ਨੇ ਨੋਟ ਬਣਾਉਣਾ ਸਿੱਖਣ ਦੀ ਇਛਾ ਪ੍ਰਗਟਾਈ ਸੀ।

ਅੰਗਰੇਜ਼ੀ ਜਾਨਣ ਵਾਲੇ ਵੱਖ ਅਤੇ ਪੰਜਾਬੀ ਜਾਨਣ ਵਾਲੇ ਵੱਖ ਪੜ੍ਹਾਏ ਜਾਂਦੇ ਸਨ। ਪ੍ਰੋਫੈਸਰ ਦਿਆਕੋਵ ਪੰਜਾਬੀ ਵਿਚ ਪੜ੍ਹਾਉਂਦਾ ਸੀ। ਕਈ ਹਾਲਤਾਂ ਵਿਚ ਲੋੜ ਅਨੁਸਾਰ ਰੂਸੀ ਅਤੇ ਅੰਗਰੇਜ਼ੀ ਤੋਂ ਅਨੁਵਾਦ ਵੀ ਕੀਤਾ ਜਾਂਦਾ ਸੀ

ਪੜ੍ਹਾਈ ਦੇ ਸਿਲੇਬਸ ਵਿਚ ਸਮਾਜ ਦਾ ਵਿਕਾਸ, ਭੂਗੋਲ, ਕਮਿਊਨਿਸਟ ਅਤੇ ਕਿਰਤੀ ਲਹਿਰ ਦਾ ਇਤਿਹਾਸ, ਰਾਜਸੀ ਆਰਥਿਕਤਾ, ਗੁਲਾਮ ਦੇਸ਼ਾਂ ਦੀ ਸੁਤੰਤਰਤਾ ਦੀ ਲਹਿਰ, ਟਰੇਡ ਯੂਨੀਅਨ, ਪਾਰਟੀ ਜਥੇਬੰਦੀ ਅਤੇ ਸਿਧਾਂਤਕ ਫੌਜੀ ਪੜ੍ਹਾਈ ਸ਼ਾਮਲ ਸੀ।[11] ਇਸ ਤੋਂ ਬਿਨਾਂ ਬਲਾਸ਼ਵਿਕ ਪਾਰਟੀ ਦਾ ਇਤਿਹਾਸ ਵੀ ਪੜ੍ਹਾਇਆ ਜਾਂਦਾ ਸੀ। ਪਾਰਟੀ ਇਤਿਹਾਸ ਦਾ ਜੋ ਹਿਸਾ ਪੜ੍ਹਾਇਆ ਜਾਂਦਾ ਸੀ ਉਸ ਨਾਲ ਸੰਬੰਧਿਤ ਥਾਵਾਂ ਵਿਖਾਈਆਂ ਵੀ ਜਾਂਦੀਆਂ ਸਨ। ਅਮਲੀ ਤੌਰ 'ਤੇ ਕਾਰਖਾਨਿਆਂ, ਫਾਰਮਾਂ, ਅਜਾਇਬ ਘਰਾਂ ਅਤੇ ਪ੍ਰਦਰਸ਼ਨੀਆਂ ਉਪਰ ਲਿਜਾ ਕੇ ਸਿਖਿਆ ਦਿੱਤੀ ਜਾਂਦੀ ਸੀ। ਹਿੰਦੁਸਤਾਨੀ ਰਾਸ਼ਟਰੀ ਸਮੱਸਿਆ ਵਿਸ਼ੇਸ਼ ਰੂਪ ਵਿਚ ਪੜ੍ਹਾਈ ਜਾਂਦੀ ਸੀ।

ਕੁਝ ਚਿਰ ਵਾਸਤੇ ਫੌਜੀ ਟਰੇਨਿੰਗ ਵੀ ਦਿੱਤੀ ਜਾਂਦੀ ਸੀ। ਮਜ਼ਦੂਰ ਜਮਾਤ ਵਿਚ ਕੰਮ ਕਰਨ ਦੀ ਅਮਲੀ ਸਿਖਿਆ ਦੇਣ ਵਾਸਤੇ ਕਾਲਿਨਨ ਦੇ ਬਿਜਲੀ ਦੇ ਕਾਰਖਾਨੇ ਅਤੇ ਅਜਿਹੇ ਹੋਰ ਕਾਰਖਾਨਿਆਂ ਵਿਚ ਉਨ੍ਹਾਂ ਨੂੰ ਮਜ਼ਦੂਰੀ ਉਤੇ ਲਾਇਆ ਜਾਂਦਾ ਸੀ। ਕਾਰਖਾਨੇ ਵਿਚ ਕੰਮ ਦੀ ਬਾਕਾਇਦਾ ਤਨਖਾਹ ਮਿਲਦੀ ਸੀ ਪਰ ਮੰਤਵ ਇਸ ਦਾ ਇਹ ਸੀ ਕਿ ਇਹ ਸਿਖਿਆ ਜਾਵੇ ਕਿ ਦੇਸ਼ ਵਿਚ ਜਾ ਕੇ ਉਨ੍ਹਾਂ ਨੇ ਮਜ਼ਦੂਰਾਂ ਵਿਚ ਕਿਵੇਂ ਕੰਮ ਕਰਨਾ ਹੈ। ਉਹ ਕਾਰਖਾਨੇ ਦੇ ਮਜ਼ਦੂਰਾਂ ਦੀਆਂ ਇਕੱਤਰਤਾਵਾਂ ਵਿਚ ਹਿਸਾ ਲੈਂਦੇ ਸਨ ਅਤੇ ਇਸ ਪ੍ਰਕਾਰ ਸਿਖਦੇ ਸਨ ਕਿ ਦੇਸ਼ ਵਿਚ ਜਾ ਕੇ ਉਹ ਕਿਵੇਂ ਮਜ਼ਦੂਰ ਸੰਗਠਨ ਦਾ ਕੰਮ ਕਰਨਗੇ। ਬੌਧਿਕ ਸਿੱਖਿਆ, ਅਮਲੀ ਕੁਰਬਾਨੀ ਅਤੇ ਜਥੇਬੰਦੀ ਬਾਰੇ ਸਭ ਕੁਝ ਦੱਸਿਆ ਜਾਂਦਾ ਸੀ। ਉਨ੍ਹਾਂ ਨੂੰ ਜਿਹਲਾਂ ਵਿਖਾਈਆਂ ਜਾਂਦੀਆਂ ਸਨ ਜਿਸ ਤਰ੍ਹਾਂ ਦੀਆਂ ਜੇਲ੍ਹਾਂ ਆਪਣੇ ਕੰਮ ਦੌਰਾਨ ਸ਼ਾਇਦ ਉਨ੍ਹਾਂ ਨੂੰ ਆਪਣੇ ਦੇਸ਼ ਵਿਚ ਵੇਖਣੀਆਂ ਪੈਣੀਆਂ ਸਨ।

ਗ਼ਦਰ ਦ੍ਰਿਸ਼ਟੀਕੋਣ ਅਤੇ ਕਮਿਊਨਿਜ਼ਮ ਦਾ ਵਿਰੋਧ ਵੀ ਕਈ ਵਾਰ ਇਥੇ ਪ੍ਰਗਟ ਹੁੰਦਾ ਸੀ। ਨਵੇਂ ਆਏ ਗਦਰੀ ਉਤੇ ਕੌਮੀ ਇਨਕਲਾਬੀ ਦ੍ਰਿਸ਼ਟੀਕੋਣ ਭਾਰੂ ਹੁੰਦਾ ਸੀ। ਪੜ੍ਹਨ ਪਿਛੋਂ ਹੌਲੀ ਹੌਲੀ ਉਸ ਵਿਚ ਪਰਿਵਰਤਨ ਆਉਂਦਾ ਸੀ। ਪੜ੍ਹਾਉਣ ਦਾ ਤਰੀਕਾ ਬਹੁਤ ਸਰਲ ਅਤੇ ਪ੍ਰਭਾਵਕਾਰੀ ਸੀ। ਇਹ ਜਾਨਣ ਲਈ ਕਿ ਪੜ੍ਹਨ ਵਾਲੇ ਨੇ ਕੀ ਕੁਝ ਸਿਖਿਆ ਹੈ, ਸਮੇਂ ਸਮੇਂ ਟੈਸਟ ਵੀ ਲਏ ਜਾਂਦੇ ਸਨ। ਬੂਝਾ ਸਿੰਘ ਨੇ ਪੜ੍ਹਾਈ ਦੇ ਢੰਗ ਦਾ ਵਿਸਤਾਰ ਦਿੰਦਿਆਂ ਇਕ ਘਟਨਾ ਦਾ ਹਵਾਲਾ ਦਿੱਤਾ ਹੈ ਜੋ ਦਿਲਚਸਪ ਹੋਣ ਦੇ ਨਾਲ ਨਾਲ ਬਹੁਤ ਮਹੱਤਵਪੂਰਨ ਵੀ ਹੈ। ਉਸ ਦੇ ਕਹਿਣ ਅਨੁਸਾਰ "ਪੜ੍ਹਾਈ ਦੌਰਾਨ ਇੰਟਰਨੈਸ਼ਨਲ ਵਲੋਂ ਪਤਿਆਸਕੀ ਪਰੀਖਿਆ ਲੈਣ ਆਇਆ। ਉਸ ਨੇ ਮੈਥੋਂ ਸਾਮਰਾਜ ਬਾਰੇ ਪੁੱਛਿਆ ਅਤੇ ਮੈਂ, ਜੋ ਕੁਝ ਸਾਨੂੰ ਪੜ੍ਹਾਇਆ ਗਿਆ ਸੀ, ਫਟਾ ਫਟ ਬੋਲ ਦਿੱਤਾ। ਉਸ ਨੇ ਨਾਂਹ ਵਿਚ ਸਿਰ ਹਿਲਾਇਆ ਅਤੇ ਅਸੰਤੁਸ਼ਟਤਾ ਪ੍ਰਗਟ ਕੀਤੀ। ਮੈਂ ਬੜਾ ਹੈਰਾਨ ਹੋਇਆ ਕਿ ਮੈਂ ਕਿਹੜੀ ਗਲਤੀ ਕਰ ਬੈਠਾ। ਮੈਨੂੰ ਦੱਸਿਆ ਗਿਆ ਕਿ ਜੋ ਕੁਝ ਮੈਂ ਬੋਲਿਆ ਉਹ ਭਾਵੇਂ ਸਭ ਕੁਝ ਠੀਕ ਸੀ ਪਰ ਜਨਤਾ ਦੀ ਪੱਧਰ ਦਾ ਬਿਲਕੁਲ ਨਹੀਂ ਸੀ। ਜੇ ਮੈਂ ਲੋਕਾਂ ਵਿਚ ਇਸ ਤਰ੍ਹਾਂ ਵਿਆਖਿਆ ਕਰਾਂਗਾ ਤਾਂ



ਲੋਕ ਮੇਰੀ ਗੱਲ ਸਮਝ ਨਹੀਂ ਸਕਣਗੇ। ਇਸ ਲਈ ਔਖੇ ਤੋਂ ਔਖੇ ਵਿਸ਼ੇ ਨੂੰ ਲੋਕਾਂ ਦੀ ਬੋਲੀ ਵਿਚ ਸਮਝਾਉਣ ਦੀ ਲੋੜ ਹੈ। ਅਤੇ ਫਿਰ ਉਸ ਨੇ ਮੈਨੂੰ ਲੋਕ-ਬੋਲੀ ਵਿਚ ਸਾਮਰਾਜ ਦੇ ਅਰਥ ਫਿਰ ਸਮਝਾਏ।"[12]

ਜਿਹੜੇ ਗ਼ਦਰੀ ਵਧੇਰੇ ਯੋਗ ਸਮਝੇ ਜਾਂਦੇ ਸਨ ਉਨ੍ਹਾਂ ਨੂੰ ਨਿਸਚਿਤ ਸੰਖੇਪ ਕੋਰਸ ਤੋਂ ਹੋਰ ਅਗਾਂਹ ਤੇ ਵਿਸ਼ਾਲ ਸਿਖਲਾਈ ਦਿੱਤੀ ਜਾਂਦੀ ਸੀ। ਦਿਆਕੋਵ ਤੋਂ ਬਿਨਾਂ ਕੁਜ਼ਲੋਵ, ਸਿਮਰਨੋਵ, ਆਦਿ ਮੁੱਖ ਅਧਿਆਪਕ ਸਨ। ਰੂਸੀਆਂ ਤੋਂ ਬਿਨਾਂ ਕੁਝ ਅਧਿਆਪਕ ਫਰਾਂਸੀਸੀ ਤੇ ਅਮਰੀਕਨ ਵੀ ਸਨ। ਸਿਖਿਆ ਖਤਮ ਹੋਣ ਉਪਰੰਤ ਕੋਮੰਤਰਨ ਵੱਲੋਂ ਇਕੱਲੇ ਇਕੱਲੇ ਨੂੰ ਬੁਲਾਕੇ ਪੁੱਛਿਆ ਜਾਂਦਾ ਸੀ ਕਿ ਉਸ ਨੇ ਵਾਪਸ ਅਮਰੀਕਾ ਜਾਂ ਕਿਸੇ ਹੋਰ ਦੇਸ਼ ਵਿਚ ਜਾਣਾ ਹੈ ਜਿਥੋਂ ਉਹ ਆਇਆ ਸੀ, ਜਾਂ ਕੀ ਉਸਨੇ ਰੂਸ ਵਿਚ ਹੀ ਰਹਿਣਾ ਹੈ ਜਾਂ ਕੀ ਵਾਪਸ ਦੇਸ਼ ਜਾਣਾਂ ਹੈ ਅਤੇ ਉਥੇ ਜਾ ਕੇ ਇਨਕਲਾਬ ਲਈ ਕੰਮ ਕਰਨਾ ਹੈ। ਤਿੰਨੇ ਸਵਾਲ ਇਸ ਤਰ੍ਹਾਂ ਘੜੇ ਗਏ ਹੁੰਦੇ ਸਨ ਕਿ ਵਾਪਸ ਆਪਣੀ ਪਹਿਲੀ ਥਾਂ ਜਾਣ ਦੀ ਇੱਛਾ ਪ੍ਰਗਟ ਕਰਨ ਵਾਲੇ ਵਿਚੋਂ ਪੈਸੇ ਲਈ ਪਿਆਰ, ਰੂਸ ਵਿਚ ਰਹਿਣ ਲਈ ਆਖਣ ਵਾਲੇ ਵਿਚੋਂ ਸੌਖੀ ਜ਼ਿੰਦਗੀ ਦਾ ਲਾਲਚ ਅਤੇ ਦੇਸ਼ ਨੂੰ ਮੁੜਨ ਲਈ ਆਖਣ ਵਾਲੇ ਵਿਚ ਕੁਰਬਾਨੀ ਦੀ ਭਾਵਨਾ ਦਾ ਪ੍ਰਗਟਾਅ ਹੁੰਦਾ ਸੀ। ਇਸ ਲਈ ਸੁਭਾਵਕ ਹੀ ਹਰ ਇਕ ਨੇ ਆਪਣੇ ਆਪ ਪੜ੍ਹਾਈ ਪਿਛੋਂ ਦੇਸ਼ ਵਿਚ ਜਾਣ ਦੀ ਇੱਛਾ ਦਾ ਪ੍ਰਗਟਾਅ ਕੀਤਾ। ਕਈ ਹਾਲਤਾਂ ਵਿਚ ਕੁਮੰਤਰਨ ਵਲੋਂ ਆਪ ਹੀ ਲੋੜ ਅਨੁਸਾਰ ਕਿਸੇ ਵਿਅਕਤੀ ਨੂੰ ਵਾਪਸ ਅਮਰੀਕਾ ਜਾਂ ਪਾਨਾਮਾ ਆਦਿ ਅਥਵਾ ਪਹਿਲਾਂ ਕੰਮ ਕਰਨ ਵਾਲੀ ਥਾਂ ਮੁੜਨ ਲਈ ਆਖ ਦਿੱਤਾ ਜਾਂਦਾ ਸੀ।

ਜਿਵੇਂ ਕਿ ਉਪਰ ਦੱਸਿਆ ਜਾ ਚੁਕਿਆ ਹੈ, ਕੁਮੰਤਰਨ ਦੀ ਅਤੇ ਭਾਈ ਰਤਨ ਸਿੰਘ ਦੀ ਇਹ ਪੂਰੀ ਕੋਸ਼ਿਸ਼ ਹੁੰਦੀ ਸੀ ਕਿ ਗਦਰੀਆਂ ਦੇ ਰੂਸ ਜਾਣ ਦਾ ਪ੍ਰਮਾਣ ਨਾ ਮਿਲ ਸਕੇ ਇਸ ਲਈ ਕਈਆਂ ਨੂੰ ਦੇਸ਼ ਪਰਤਣ ਲਈ ਬੜਾ ਲੰਮਾ ਅਤੇ ਬਿਖੜਾ ਪੈਂਡਾ ਵੀ ਝਾਗਣਾ ਪਿਆ। ਪਰ ਅੰਗਰੇਜ਼ਾਂ ਦੀ ਖੁਫੀਆ ਪੁਲਿਸ ਨੂੰ ਇਹ ਦਾਦ ਦੇਣੀ ਬਣਦੀ ਹੈ ਕਿ ਉਹ ਲਗਪਗ ਹਰ ਗਦਰੀ ਦੇ ਮਾਸਕੋ ਵਿਚ ਪੁੱਜਣ ਅਤੇ ਉਥੇ ਸਿੱਖਿਆ ਪ੍ਰਾਪਤ ਕਰਨ ਬਾਰੇ ਕਿਵੇਂ ਨਾ ਕਿਵੇਂ ਭਾਵੇਂ ਪਛੜਕੇ ਹੀ, ਪਤਾ ਲਾ ਲੈਂਦੀ ਸੀ।[13] ਨਿਸਚੇ ਹੀ ਇਨ੍ਹਾਂ ਇਨਕਲਾਬੀਆਂ ਤੋਂ ਅੰਗਰੇਜ਼ ਸਰਕਾਰ ਨੂੰ ਭੈਅ ਆਉਂਦਾ ਸੀ ਅਤੇ ਉਹ ਉਨ੍ਹਾਂ ਨੂੰ ਬੋਚਣ ਦੇ ਸਾਰੇ ਪ੍ਰਬੰਧ ਕਰਦੀ ਸੀ। ਜਦੋਂ ਮਾਸਕੋ ਤੋਂ ਸਿਖਿਆ ਪ੍ਰਾਪਤ ਕਰਕੇ ਮੁੜਨ ਵਾਲੇ ਪਹਿਲੇ ਗਦਰੀ ਸੰਤਾ ਸਿੰਘ ਗੰਡੀਵਿੰਡ, ਹਰਜਾਪ ਸਿੰਘ ਮਾਹਲਪੁਰ ਅਤੇ ਕਰਮ ਸਿੰਘ ਧੂਤ ਹਿੰਦੁਸਤਾਨ ਪਰਤੇ ਤਾਂ ਅੰਗਰੇਜ਼ ਸਰਕਾਰ ਨੇ ਉਨ੍ਹਾਂ ਬਾਰੇ ਅਪਨਾਈ ਜਾਣ ਵਾਲੀ ਨੀਤੀ ਸੰਬੰਧੀ ਬਹੁਤ ਲੰਮੀ ਸੋਚ ਵਿਚਾਰ ਕੀਤੀ। ਇਨ੍ਹਾਂ ਵਿਰੁੱਧ ਅਜਿਹੀ ਕੋਈ ਸਮੱਗਰੀ ਜਾਂ ਗਵਾਹੀ ਤਾਂ ਸੀ ਨਹੀਂ ਕਿ ਮੁਕੱਦਮਾ ਚਲਾਇਆ ਜਾ ਸਕਦਾ। ਇਸ ਲਈ ਫੈਸਲਾ ਇਹ ਕੀਤਾ ਗਿਆ ਕਿ 1818 ਦੇ ਰੈਗੂਲੇਸ਼ਨ ਤਿੰਨ ਅਧੀਨ ਉਨ੍ਹਾਂ ਨੂੰ ਸ਼ਾਹੀ ਕੈਦੀਆਂ ਵਜੋਂ ਨਜ਼ਰਬੰਦ ਕਰ ਦਿੱਤਾ ਜਾਵੇ।[14] ਫਲਸਰੂਪ ਸੰਤਾ ਸਿੰਘ ਗੰਡੀਵਿੰਡ ਨੂੰ 7 ਸਤੰਬਰ 1927 ਨੂੰ ਪਾਂਡੀਚਰੀ ਤੋਂ, ਕਰਮ ਸਿੰਘ ਧੂਤ ਨੂੰ 21 ਮਈ 1931 ਨੂੰ ਅਤੇ ਹਰਜਾਪ ਸਿੰਘ ਨੂੰ 28 ਅਪ੍ਰੈਲ 1931 ਨੂੰ ਗ੍ਰਿਫਤਾਰ ਕਰਕੇ ਮੁਲਤਾਨ ਤੇ ਮਿੰਟਗੁਮਰੀ ਦੀਆਂ ਜਿਹਲਾਂ ਵਿਚ ਬੰਦ ਕਰ ਦਿੱਤਾ ਗਿਆ। ਪਰ ਬਿਨਾਂ ਮੁਕੱਦਮਾ ਚਲਾਏ ਨਜ਼ਰਬੰਦੀ ਬਹੁਤ ਚਿਰ ਕਾਇਮ ਨਹੀਂ ਸੀ ਰਹਿ ਸਕਦੀ। ਖਾਸ ਕਰ ਸੰਤਾ ਸਿੰਘ ਗੰਡੀਵਿੰਡ ਅਤੇ ਉਸਦੇ ਨਾਲ ਹੀ ਥੋੜੇ ਜਿਹੇ ਫਰਕ ਉਤੇ ਚੀਨ ਵਿਚੋਂ ਦੇਸ਼ ਨਿਕਾਲਾ ਦਿੱਤੇ ਗਦਰੀਆਂ ਦਸੌਂਧਾ ਸਿੰਘ ਢਾਡਾ ਤੇ ਮਾਸਟਰ ਗੱਜਣ ਸਿੰਘ ਦੀ ਨਜ਼ਰਬੰਦੀ ਬਾਰੇ ਬਰਤਾਨਵੀ ਪਾਰਲੀਮੈਂਟ ਵਿਚ ਪਏ ਰੌਲੇ ਦੇ ਸਿਟੇ ਵਜੋਂ ਬਹੁਤੇ ਗਦਰੀਆਂ ਨੂੰ ਇਸ ਤਰ੍ਹਾਂ ਸ਼ਾਹੀ ਕੈਦੀਆਂ ਵਜੋਂ ਨਜ਼ਰਬੰਦ ਰੱਖਣਾ ਸਰਕਾਰ ਲਈ ਸੰਭਵ ਨਾ ਹੋ ਸਕਿਆ ਇਸ ਲਈ ਕੁਝ ਇਕ ਨੂੰ ਛੱਡ ਕੇ, ਜਿੰਨ੍ਹਾਂ ਨੂੰ ਅੰਗਰੇਜ਼ ਸਰਕਾਰ ਵਧੇਰੇ ਖਤਰਨਾਕ ਸਮਝਦੀ ਸੀ, ਜਿਵੇਂ ਤੇਜਾ ਸਿੰਘ ਸੁਤੰਤਰ, ਇਕਬਾਲ ਸਿੰਘ ਹੁੰਦਲ, ਚੰਨਣ ਸਿੰਘ ਢਕੋਵਾਲ, ਵਾਸਦੇਵ ਸਿੰਘ ਆਦਿ, ਮਾਸਕੋ ਤੋਂ ਮੁੜਨ ਵਾਲੇ ਬਾਕੀ ਸਭ ਗਦਰੀਆਂ ਨੂੰ ਫਰੰਗੀ ਸਰਕਾਰ ਕੁਝ ਸਮੇਂ ਲਈ ਲਾਹੌਰ ਦੇ ਸ਼ਾਹੀ ਕਿਲੇ ਵਿਚ ਰੱਖ ਕੇ ਪੁੱਛ-ਪੜਤਾਲ ਕਰਦੀ ਸੀ। ਨਰਮੀ ਅਤੇ ਸਖਤੀ ਦੋਨੋਂ ਢੰਗ ਵਰਤਕੇ ਉਨ੍ਹਾਂ ਤੋਂ ਮਾਸਕੋ ਦੀ ਸਿਖਲਾਈ ਬਾਰੇ ਜਾਣਕਾਰੀ ਹਾਸਲ ਕਰਨ ਦਾ ਯਤਨ ਕੀਤਾ ਜਾਂਦਾ ਸੀ। ਪਰ ਇਨਕਲਾਬੀ ਸਿੱਖਿਆ ਵਿਚ ਨਿਪੁੰਨ ਇਨ੍ਹਾਂ ਸੂਰਮਿਆਂ ਤੋਂ ਕੁਝ ਨਾ ਮਿਲਣ ਦੀ ਸੂਰਤ ਵਿਚ ਉਹ ਹਾਰਕੇ ਉਨ੍ਹਾਂ ਨੂੰ ਪਿੰਡ ਨਜ਼ਰਬੰਦ ਕਰ ਦਿੰਦੀ ਸੀ। ਕੁਝ ਸਮੇਂ ਮਗਰੋਂ ਜਦੋਂ ਨਜ਼ਰਬੰਦੀਆਂ ਟੁੱਟਦੀਆਂ ਤਾਂ ਇਹ ਗਦਰੀ ਸੂਰਬੀਰ ਜੋ ਹੁਣ ਪੂਰੀ ਤਰ੍ਹਾਂ ਕਮਿਊਨਿਸਟ ਬਣ ਚੁੱਕੇ ਹੁੰਦੇ, ਕੌਮੀ ਮੁਕਤੀ ਅੰਦੋਲਨ ਅਤੇ ਲੋਕ-ਘੋਲਾਂ ਵਿਚ ਉਤਸ਼ਾਹ ਨਾਲ ਜੁੱਟ ਪੈਂਦੇ।

### ਪੰਦ-ਟਿਪਣੀਆਂ

1. ਹੋਮ ਪੋਲੀਟੀਕਲ, 31 ਮਾਰਚ, 1919 ਖੁਫੀਆ ਵਿਭਾਗ ਦੇ ਡਾਇਰੈਕਟਰ ਦੀ ਸਪਤਾਹਕ ਰੀਪੋਰਟ 'ਬਾਲਸ਼ਵਿਜ਼ਮ ਤੇ ਹਿੰਦੁਸਤਾਨ'
2. ਹੋਮ ਰੂਲ ਆਫ ਇੰਡੀਆ ਲੀਗ ਦੇ ਨਵੇਂ ਸੰਵਿਧਾਨ ਸੰਬੰਧੀ ਹਿਰਦੇਕਾਰ ਨੂੰ ਭਾਈ ਸੰਤੋਖ ਸਿੰਘ ਦਾ ਅਕਤੂਬਰ 1920 ਦਾ ਪੱਤਰ-ਹੋਮ ਪੁਲੀਟੀਕਲ, ਫਾਈਲ 262/-II 1923
3. ਹੋਮ ਪੁਲੀਟੀਕਲ, ਫਾਈਲ ਨੰਬਰ 262/II, 1923
4. ਹੋਮ ਪੁਲੀਟੀਕਲ 1923 ਫਾਈਲ 262/II
5. 'ਅਣਅਮਰੀਕਨ ਸਰਗਰਮੀਆਂ', ਕੈਲੇਫੋਰਨੀਆ ਦੀ ਸੀਨਟ ਦੀ ਕਮੇਟੀ ਦੀ ਰੀਪੋਰਟ 1953
6. ਹੋਮ ਪੁਲੀਟੀਕਲ, 1935-7/6/35 ਪੋਲ
7. ਬੂਝਾ ਸਿੰਘ ਦਾ ਬਿਆਨ
8. ਨੈਣਾ ਸਿੰਘ ਧੂਤ ਦਾ ਬਿਆਨ
9. ਮਾਸਕੋ ਗਏ ਗਦਰੀਆਂ ਨੈਣਾ ਸਿੰਘ ਧੂਤ, ਕਿਹਰ ਸਿੰਘ ਮਾਹਲਾ, ਅੱਛਰ ਸਿੰਘ ਛੀਨਾ ਦੇ ਬਿਆਨ ਅਤੇ ਹੋਮ ਪੁਲੀਟੀਕਲ 1935, 44/79/35
10. ਹੋਮ ਪੋਲੀਟੀਕਲ 182/42 ਪੋਲ II
11. ਨੈਣਾ ਸਿੰਘ ਧੂਤ, ਬੂਝਾ ਸਿੰਘ, ਕਿਹਰ ਸਿੰਘ ਮਾਹਲਾ ਦੇ ਬਿਆਨ ਅਤੇ ਹੋਮ ਪੁਲੀਟੀਕਲ 1935, 44/79/35 ਅਤੇ ਹੋਮ ਪੁਲੀਟੀਕਲ 1933, 44/97/35 ਪੋਲ।
12. ਬੂਝਾ ਸਿੰਘ ਦਾ ਬਿਆਨ
13, ਹੋਮ ਪੁਲੀਟੀਕਲ, 1934, 44/36/34/-ਪੋਲ।
14. ਹੋਮ ਪੁਲੀਟੀਕਲ 1928 ਫਾਇਲ 6/1 ਖੁਫੀਆ ਵਿਭਾਗ ਦੇ ਡਾਰਾਇਕਟਰ ਦਾ ਨੋਟ ਮਿਤੀ 19-8-27

LM KLM KLM KLM KLM KLM KLM KLM KL

■ ਸਪੈਸ਼ਲ ■ ■ ਸਪੈਸ਼ਲ ■ ■ ਸਪੈਸ਼ਲ ■

GABA TRAVELS (1982) LTD.
(6612 MAIN ST., VANCOUVER, B.C. V5X 3H2
Tel. (604) 324-3336

ਤੁਹਾਡੀ ਸਹੂਲਤ ਵਾਸਤੇ ਹੁਣ ਮੋਗੇ ਵੀ ਦਫਤਰ ਖੋਲ੍ਹ ਦਿੱਤਾ ਹੈ।

ਗੁਰੂ ਨਾਨਕ ਟਰੈਵਲ
ਨਿਊ ਸੋਢੀ ਨਗਰ, ਮੋਗਾ,
ਫੋਨ 2161, 35 32



AUTHORIZED AGENTS FOR AIR INDIA
AND NOW WE ARE AUTHORISED
K.L.M.
(ROYAL DUTCH AIRLINES)

TOLL FREE NO.
B. C. & ALBERTA
1—800 663 6696

SPECIAL FARE TO: Delhi, Karachi, Colombo, Singapore, London, Amsterdam
ਦਿੱਲੀ, ਕਰਾਚੀ, ਕੋਲੰਬੋ, ਸਿੰਘਾਪੁਰ, ਲੰਡਨ ਤੇ Amsterdam ਲਈ ਸਪੈਸ਼ਲ ਕਿਰਾਏ

ASSOCIATED OFFICES IN INDIA:

GABA TRAVELS
(Opposit Friends Theatre)
JALLANDHAR CITY
TEL. 74597

GABA TRAVELS
V.P.O. NURMAHAL
JALLANDHAR
TEL. 49

GABA TRAVELS
NEW DELHI

LM KLM KLM KLM KLM KLM KLM KLM KLM

## ਪਹਿਲਵਾਨ ਸਰਵਣ ਸਿੰਘ ਦੀਆਂ ਸ਼ਾਨਦਾਰ ਜਿੱਤਾਂ



ਸਾਊਥ ਏਸ਼ੀਆ ਚੈਂਪੀਅਨ ਅਤੇ ਭਾਰਤ ਕੇਸਰੀ ਸਰਵਣ ਸਿੰਘ ਨੇ ਬਰਮਿੰਘਮ ਵਿਖੇ ਬਲਬੀਰ ਸਿੰਘ ਨੂੰ ਨਿਕਾਲ ਮਾਰ ਕੇ ਅਸਮਾਨ ਵਿਖਾ ਦਿੱਤਾ। ਇਸ ਵੱਡੀ ਕੁਸ਼ਤੀ ਦਾ ਲੋਕਾਂ ਨੇ ਆਨੰਦ ਮਾਣਿਆ ਅਤੇ ਸਰਵਣ ਦੇ ਕੁਸ਼ਤੀ ਲੜਨ ਦੀ ਪ੍ਰਸੰਸਾ ਕੀਤੀ। ਬਹੁਤ ਹੌਂਸਲਾ ਅਫਜਾਈ ਕੀਤੀ। ਪਿਛਲੇ ਟੂਰਨਾਮੈਂਟ ਤੇ ਵੁਲਵਰਹੈਂਪਟਨ ਅਤੇ ਕਾਵੈਂਟਰੀ ਵਿਖੇ ਸਰਵਣ ਸਿੰਘ ਦਾ ਮੁਕਾਬਲਾ ਕੁਸ਼ਤੀ ਲਈ ਕੈਨੇਡਾ ਦੇ ਅਵਤਾਰ ਭੁਲਰ ਨਾਲ ਹੋਇਆ। ਦੋਨਾਂ ਵਾਰ ਹੀ ਵੀਹ ਵੀਹ ਮਿੰਟ ਕੁਸ਼ਤੀ ਬਰਾਬਰ ਰਹੀ। ਪ੍ਰੰਤੂ ਦੋਨਾਂ ਪਹਿਲਵਾਨਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਹ ਚੋਟੀ ਦੇ ਘੋਲ ਹੋਣ ਕਰਕੇ ਲੋਕਾਂ ਨੇ ਬਹੁਤ ਪਸੰਦ ਕੀਤਾ। ਇਹਨਾਂ ਦੋਹਾਂ ਟੂਰਨਾਮੈਂਟਾਂ ਤੇ ਸਰਵਣ ਦੀ ਵਾਹ ਵਾਹ ਹੋਈ ਕਿਉਂਕਿ ਕਦ ਅਤੇ ਵਜਨ ਦਾ ਘੱਟ ਹੋਣ ਕਰਕੇ ਬਹੁਤ ਤੇਜ਼ ਤੇ ਸ਼ਾਨਦਾਰ ਕੁਸ਼ਤੀ ਲੜਦਾ ਹੈ।

ਸਲੋਅ ਵਾਲੇ ਟੂਰਨਾਮੈਂਟ ਤੇ ਸਰਵਣ ਦਾ ਮੁਕਾਬਲਾ ਸਲਾਉਦੀਨ ਪਾਕਿਸਤਾਨੀ ਨਾਲ ਹੋਇਆ। ਪ੍ਰੰਤੂ ਸਰਵਣ ਨੇ ਕਈ ਵਾਰ ਥਲੇ ਰਖਿਆ। ਪ੍ਰੰਤੂ ਸਮਾਂ ਪੰਦਰਾਂ ਮਿੰਟ ਹੀ ਹੋਣ ਕਰਕੇ ਥਲਿਓਂ ਹੀ ਛੁਡਾਇਆ। ਸਰਵਣ ਬੜਾ ਹੋਣਹਾਰ ਪਹਿਲਵਾਨ ਹੈ ਜਿਸ ਦੀ ਉਮਰ 25 ਸਾਲ ਅਤੇ ਵਜਨ 80 ਕਿਲੋ ਹੈ।

# ਕਮਿਊਨਿਸਟ ਮਜ਼ਦੂਰ — ਕਿਸਾਨਾਂ ਲਈ ਕਿਉਂ ਖੜ੍ਹਦੇ ਹਨ ?

**ਗੁਰਨਾਮ ਸਿੰਘ ਸੰਘੇੜਾ**

**ਕਿਸ਼ਤ ਤੀਜੀ**

(ਨੋਟ : ਇਹ ਲੜੀ ਸ੍ਰੀ ਹਰਚਰਨ ਸਿੰਘ ਬੈਂਸ, ਸ੍ਰੀ ਪਿਆਰਾ ਸਿੰਘ ਭੋਗਲ ਆਦਿ ਦੇ ਕਮਿਊਨਿਸਟ ਵਿਰੋਧੀ ਅਤੇ 'ਚਤੁਰਾਈ' ਨਾਲ ਵੱਖਵਾਦੀਆਂ ਪੱਖੀ ਭੁਗਤਣ ਵਾਲੇ ਲੇਖਾਂ ਬਾਰੇ ਹੈ)

"ਅਸੂਲ/ਸਿਧਾਂਤ ਇਤਿਹਾਸ ਬਣਾਉਂਦੇ ਹਨ ਅਤੇ ਇਤਿਹਾਸ ਨੇ ਅਸੂਲ/ਸਿਧਾਂਤ ਨਹੀਂ ਬਣਾਏ।" (ਮਾਰਕਸ)

ਸ੍ਰੀ ਬੈਂਸ ਆਦਿ ਆਖਦੇ ਹਨ ਕਿ ਕਮਿਊਨਿਸਟ "ਵਿਚਾਰਧਾਰਕ ਜੰਜ਼ੀਰ" ਤੇ 'ਜ਼ਿਦ' ਵਿਚ ਜਕੜੇ ਹੋਏ ਪੰਜਾਬ ਦੇ ਮਸਲੇ ਦਾ ਹਲ ਨਹੀਂ ਹੋਣ ਦਿੰਦੇ। ਜਾਂ "ਸਰਕਾਰੀ ਦਮਨ' ਵਾਰੇ ਨਹੀਂ ਆਖਦੇ ਕਿ ਕਮਿਊਨਿਸਟ ਆਪਣੇ ਅਸੂਲਾਂ ਦੀ ਜ਼ਿਆਦਾ ਪ੍ਰਵਾਹ ਕਰਦੇ ਹਨ ਜਾਂ "ਚੇਤਨਤਾ" ਦੀ ਰਟ ਲਾਉਂਦੇ ਹਨ। ਸ੍ਰੀ ਭੋਗਲ ਸਾਹਿਬ ਆਖਦੇ ਹਨ ਕਿ "ਕਮਿਊਨਿਸਟਾਂ ਨੂੰ ਦੇਸ਼ ਦੀ ਏਕਤਾ ਦਾ ਜ਼ਿਆਦਾ ਫਿਕਰ ਹੈ", "ਅਸੀਂ ਹਿੰਸਾਵਾਦ ਦੀ ਨੀਤੀ ਨੂੰ ਠੀਕ ਨਹੀਂ ਮੰਨਦੇ ਪਰ ਉਹਨਾਂ ਨਾਲ ਹਮਦਰਦੀ ਹੈ" ਆਦਿ।

ਸੋ ਮੋਟੇ ਤੇ ਸਮੁੱਚੇ ਤੌਰ ਤੇ ਇਹ ਲੋਕ ਅਤਿਵਾਦੀ ਵਖਵਾਦੀ ਅਨਸਰਾਂ ਦਾ ਪੱਖ ਪੂਰਦੇ ਹੋਏ ਅਤੇ ਉਹਨਾਂ ਦੇ ਕੁਕਰਮਾਂ ਤੇ ਦੇਸ਼ ਧਰੋਹੀ ਘਿਣਾਉਣੀਆਂ ਹਰਕਤਾਂ ਤੇ ਪਰਦਾ ਪਾਉਂਦੇ ਹੋਏ ਕਮਿਊਨਿਸਟ ਅਸੂਲਾਂ, ਲੋਕ ਏਕਤਾ ਅਤੇ ਦੇਸ਼ ਅਖੰਡਤਾ ਨੂੰ ਵੰਗਾਰਦੇ ਹਨ। ਸਾਡਾ ਸਿਧਾਂਤ ਲੋਕ ਹੱਕਾਂ, ਦੇਸ਼ ਦੀ ਆਜ਼ਾਦੀ ਤੇ ਅਖੰਡਤਾ ਲਈ ਹੈ। ਅਸੂਲ ਅਤੇ ਸਿਧਾਂਤ ਤੋਂ ਬਿਨਾਂ ਪਾਰਟੀ ਕਿਵੇਂ ਚੱਲੇਗੀ। ਅਸੂਲਾਂ ਅਤੇ ਸਿਧਾਂਤ ਦੇ ਆਧਾਰ ਤੇ ਹੀ ਤਾਂ ਮਜ਼ਦੂਰ ਜਮਾਤ ਆਪਣੀ ਆਜ਼ਾਦੀ ਅਤੇ ਲੁੱਟਮਾਰ ਤੇ ਕਾਣੀਵੰਡ ਖਤਮ ਕਰਨ ਲਈ ਲੜਦੀ ਹੈ। ਇਹ ਫਲਸਫਾ ਹੀ ਤਾਂ ਮਜ਼ਦੂਰ ਜਮਾਤ ਦਾ ਪਦਾਰਥਵਾਦੀ ਹਥਿਆਰ ਹੈ। ਮਜ਼ਦੂਰ ਜਮਾਤ ਨੂੰ ਇਸ ਫਲਸਫੇ ਵਿਚ ਬੌਧਿਕ ਹਥਿਆਰ ਮਿਲਿਆ ਹੈ ਜਿਸ ਨਾਲ ਲੋਟੂਆਂ ਤੇ ਲੋਕ ਦੋਖੀਆਂ ਨਾਲ ਲੜਾਈ ਕਰ ਸਕੇ। ਇਹ ਵਿਰੋਧ ਵਿਕਾਸ ਅਤੇ ਇਤਿਹਾਸਕ ਪਦਾਰਥਵਾਦੀ ਫਲਸਫਾ ਹਰ ਗਲ ਦੀ ਤਹਿ ਤਕ ਜਾਣ ਤੇ ਸਮਝਣ ਵਿਚ ਮੱਦਦ ਕਰਦਾ ਹੈ। ਇਸ ਨਾਲ ਹੀ ਵੇਖਿਆ ਜਾਂਦਾ ਹੈ ਕਿ ਮਸਲਾ ਕੀ ਹੈ, ਇਸ ਦੇ ਪਿੱਛੇ ਕੌਣ ਹੈ। ਇਸ ਵਿਚ ਕਿਸ ਦੇ ਲਾਭ। ਅਮੀਰ ਗਰੀਬ ਵਾਲੇ ਜਮਾਤੀ ਸਮਾਜ ਵਿਚ ਅੰਤਮ ਤੌਰ ਤੇ ਇਕ ਜਾਂ ਦੂਜੀ ਜਮਾਤ ਦੇ ਹਿਤ ਹੁੰਦੇ ਹਨ। ਅਮੀਰ ਗਰੀਬ ਦੇ ਹਿਤ ਸਾਂਝੇ ਨਹੀਂ ਹੋ ਸਕਦੇ। ਹਰ ਮਸਲਾ, ਲੜਾਈ ਜਾਂ ਜਦੋ ਜਹਿਦ ਨੂੰ ਇਤਿਹਾਸਕ ਤੌਰ ਤੇ ਠੋਸ ਸਥਿਤੀ ਵਿਚ ਰੱਖ ਕੇ ਵੇਖਣਾ ਜ਼ਰੂਰੀ ਹੈ। ਅਜ ਦੀ ਇਹਨਾਂ ਅਤਿਵਾਦੀ, ਵੱਖਵਾਦੀ ਤੱਤਾਂ ਦੀ ਲੜਾਈ ਅਤੇ ਅਮਲ ਮਜ਼ਦੂਰ ਏਕਤਾ ਦੇ ਵਿਰੁੱਧ ਹਨ। ਦੇਸ਼ ਦੀ ਏਕਤਾ ਨੂੰ ਭੰਗ ਕਰਨ ਵਾਲੇ ਅਤੇ ਸਾਮਰਾਜ ਦੀ ਸਾਜ਼ਸ਼ ਨੂੰ ਸਫਲ ਕਰਨ ਵਾਲੇ। ਸਗੋਂ ਉਹਨਾਂ ਦੀਆਂ ਇਹ ਹਰਕਤਾਂ ਲੋਕ ਵਿਰੋਧੀ ਕਾਂਗਰਸ ਹਕੂਮਤ ਦੇ ਹੱਕ ਵਿਚ ਜਾਂਦੀਆਂ ਹਨ। ਕਾਂਗਰਸ ਸਰਕਾਰ ਇਹਨਾਂ ਦੀਆਂ ਅਤਿਵਾਦੀ ਤੇ ਦੇਸ਼ ਧਰੋਹੀ ਕਾਰਵਾਈਆਂ ਨੂੰ ਆਪਣੇ ਹੱਕ ਲਈ ਤੇ ਹੋਰ ਕਾਲੇ ਕਾਨੂੰਨ ਲਿਆਉਣ ਤੇ ਲੋਕ ਹੱਕਾਂ ਤੇ ਛਾਪੇ ਮਾਰਨ ਲਈ ਵਰਤਦੀ ਹੈ ਜਿਵੇਂ ਵਿਧਾਨ ਦੀ 59ਵੀਂ ਸੋਧ ਕਰਕੇ ਬੁਨਿਆਦੀ ਹੱਕਾਂ ਤੇ ਛਾਪਾ ਮਾਰਿਆ ਹੈ ਅਤੇ ਇਸ ਤੋਂ ਬਾਕੀ ਦੇਸ਼ ਨੂੰ ਭੀ ਖਤਰਾ ਹੈ। ਮਾਰਕਸੀ ਪਾਰਟੀ ਨੇ ਇਸ ਸੋਧ ਨੂੰ "ਕਾਲਾ ਕਾਰਨਾਮਾ" ਆਖਿਆ ਤੇ ਭੰਡਿਆ। ਇਸ ਦੇ ਨਾਲ ਹੀ ਮਾਰਕਸੀ ਪਾਰਟੀ ਨੇ ਆਖਿਆ ਕਿ "ਪੰਜਾਬ ਦੇ ਲੋਕ ਕਾਂਗਰਸ ਦੀਆਂ ਨੀਤੀਆਂ ਕਾਰਨ ਉਪਰਾਮ ਹੋ ਰਹੇ ਹਨ" (ਪੀ. ਡੀ. 20 ਮਾਰਚ 1988)।

ਪਰ ਅਸੀਂ ਨਾਲ ਹੀ ਧਾਰਮਿਕ ਅਸਥਾਨਾਂ ਵਿਚ ਹਥਿਆਰ ਲਿਜਾਣ ਤੇ ਕਿਲਿਆਂ ਦੇ ਤੌਰ ਤੇ ਵਰਤਣ ਦੇ ਵਿਰੁਧ ਹਾਂ। ਇਹ ਲੋਕ ਧਾਰਮਿਕ ਸਥਾਨਾਂ ਨੂੰ ਲੋਕ ਵਿਰੋਧੀ, ਦੇਸ਼ ਧਰੋਹੀ ਅਤੇ ਹਿੰਸਕ ਕਾਰਵਾਈਆਂ ਲਈ ਵਰਤਦੇ ਹਨ। ਸੋ ਸਾਡਾ ਸਿਧਾਂਤ ਹਰ ਮਸਲੇ ਨੂੰ ਲੋਕ ਪੱਖੀ ਨਜ਼ਰ ਤੋਂ ਵੇਖਦਾ ਤੇ ਨਿਰਣਾ ਕਰਦਾ ਹੈ

ਮਜ਼ਦੂਰ ਜਮਾਤ ਦੀ ਚੇਤਨਤਾ ਤਦ ਹੀ ਜਾਇਜ਼ ਸਿਆਸੀ ਚੇਤਨਤਾ ਹੋ ਸਕਦੀ ਹੈ ਜੇ ਕਰ ਮਜ਼ਦੂਰ ਜ਼ੁਲਮ, ਹਿੰਸਾ, ਜਬਰ ਆਦਿ ਵਿਰੁਧ ਲੋਕ ਤੇ ਆਪਣੇ ਹਿਤਾਂ ਲਈ ਖੜ੍ਹੇ। ਜਮਾਤੀ ਜਦੋ ਜਹਿਦ ਲੋਟੂ ਹਾਕਮ ਜਮਾਤ ਦੇ ਵਿਰੁਧ ਹੈ। ਇਸ ਵਿਚ ਹੋਰ ਲੋਕ ਭੀ ਸ਼ਾਮਲ ਹੁੰਦੇ ਹਨ। ਇਸ ਵਿਚ ਵਿਚਾਰਧਾਰ, ਵਿਚਾਰਧਾਰਕ ਚੇਤਨਤਾ ਤੇ ਜਮਾਤੀ ਸੂਝ ਸ਼ਾਮਲ ਹੈ। ਇਸ ਦਾ ਭਾਵ ਮਜ਼ਦੂਰ ਨੂੰ ਆਪਣੇ ਹਿਤਾਂ ਤੇ ਆਪਣੇ ਏਕਤਾ ਦਾ ਗਿਆਨ ਹੋਵੇ। ਸੋ ਭਾਵ ਹੈ ਇਨਕਲਾਬੀ ਬਦਲੀ ਲਈ ਸਮਝ ਰਖੇ ਤੇ ਜਦੋ ਜਹਿਦ ਕਰੇ। ਲੈਨਿਨ ਨੇ ਦੱਸਿਆ, "ਜਿਹੜੇ ਸਿਰਫ ਜਮਾਤੀ ਜਦੋ ਜਹਿਦ ਨੂੰ ਹੀ ਮੰਨਦੇ ਹਨ, ਉਹ ਮਾਰਕਸਵਾਦੀ ਨਹੀਂ, ਉਹ ਅਜੇ ਸਰਮਾਏਦਾਰੀ ਸੋਚ ਤੇ ਸਰਮਾਏਦਾਰੀ ਰਾਜਨੀਤੀ ਦੇ ਘੇਰੇ ਵਿਚ ਹਨ। ਮਾਰਕਸਵਾਦ ਨੂੰ ਸਿਰਫ ਜਮਾਤੀ ਜਦੋ ਜਹਿਦ ਤਕ ਸੀਮਤ ਕਰਨਾ, ਮਾਰਕਸਵਾਦ ਨੂੰ ਘਟਾਉਣਾ, ਵਿਗਾੜਨਾ ਤੇ ਛੋਟਾ ਕਰਨਾ ਹੈ — ਮਾਰਕਸਵਾਦੀ ਉਹ ਹੈ ਜੋ ਜਮਾਤੀ ਜਦੋ ਜਹਿਦ ਦੇ ਨਾਲ ਨਾਲ ਮਜ਼ਦੂਰ ਦੀ ਡਿਕਟੇਟਰਸ਼ਿਪ ਨੂੰ ਭੀ ਮੰਨੇ।" ਜੇ ਲੋਕਾਂ ਵਿਚ ਸਿਆਸੀ ਚੇਤਨਤਾ ਨਹੀਂ ਤਾਂ ਉਹ ਠੀਕ ਢੰਗ ਨਾਲ ਲੜਾਈ ਨਹੀਂ ਲੜ ਸਕਦੇ। ਪਦਾਰਥੀ ਦੁਨੀਆਂ ਅਸਲੀਅਤ ਅਤੇ ਬੁਨਿਆਦੀ ਗੱਲ ਹੈ ਅਤੇ ਚੇਤਨਤਾ ਇਸ ਠੋਸ ਹਕੀਕਤ ਤੇ ਆਧਾਰਤ ਹੈ। ਮਾਰਕਸੀ ਫਲਸਫੇ ਅਨੁਸਾਰ 'ਹੋਂਦ ਪਦਾਰਥ (ਮਾਦਾ) ਹੈ ਅਤੇ ਹੋਂਦ ਹੀ ਚੇਤਨਤਾ ਨੂੰ ਜਨਮ ਦਿੰਦੀ ਹੈ।' ਇਸ ਤਰ੍ਹਾਂ ਚੇਤਨਤਾ ਭੀ ਬਾਹਰੀ ਦੁਨੀਆਂ, ਠੋਸ ਹਕੀਕਤਾਂ ਤੇ ਪਦਾਰਥ ਦੀ ਪੈਦਾਵਾਰ ਹੈ। ਆਦਰਸ਼ ਭੀ ਇਸ ਦੁਨੀਆਂ ਦੀ ਹਕੀਕਤ ਦਾ ਝਲਕਾਰਾ ਹੈ — ਅਤੇ ਉਹ ਅਸਮਝ, ਨਾ ਜਾਨਣ ਕਰਕੇ ਅਤੇ ਅਸਲੀਅਤ ਨੂੰ ਉਲਟ ਢੰਗ ਨਾਲ ਵੇਖਣ ਆਦਿ ਕਰਕੇ ਹੈ। ਸਮਾਜੀ ਹੋਂਦ ਸਮਾਜੀ ਚੇਤਨਤਾ ਨੂੰ ਮਿਥਦੀ ਹੈ। ਹੋਂਦ ਤੇ ਸਮਾਜੀ ਹੋਂਦ ਦਾ ਸੰਬੰਧ ਪਦਾਰਥ ਜਾਂ ਬਾਹਰੀ ਦੁਨੀਆਂ ਨਾਲ ਹੈ — ਭਾਵ ਸਮਾਜਕ - ਆਰਥਿਕ ਬਣਤਰ, ਢਾਂਚੇ ਅਤੇ ਹਾਲਾਤ ਨਾਲ ਹੈ। ਇਸ ਤਰ੍ਹਾਂ ਇਹ ਆਰਥਕਤਾ, ਰਾਜਨੀਤੀ ਤੇ ਹੋਰ ਬਾਕੀ ਦੇ ਢਾਂਚੇ ਨਾਲ ਜੁੜ ਜਾਂਦੀ ਹੈ। ਇਨਸਾਨੀ ਕਰਮ, ਖਾਸਾ ਅਤੇ ਖਾਸ ਨਿਸਚਿਤ ਲਛਣ ਤੇ ਨੁਹਾਰ ਆਦਿ ਦਾ ਇਤਿਹਾਸਕ ਸਥਿਤੀ ਵਿਚ ਪੈਦਾਵਾਰੀ ਸਾਧਨਾ ਤ . ਤੇ ਪੈਦਾਵਾਰੀ ਰਿਸ਼ਤਿਆਂ ਨਾਲ ਸੰਬੰਧ ਹੈ। ਇਸ ਤਰ੍ਹਾਂ ਵਿਅਕਤੀਗਤ ਚੇਤਨਤਾ ਭੀ ਸਮਾਜੀ ਗੱਲ ਹੈ। ਸੋ ਜਮਾਤੀ ਵੰਡ ਵਾਲੇ ਸਮਾਜ ਵਿਚ ਸਮਾਜੀ ਚੇਤਨਤਾ ਦਾ ਜਮਾਤੀ ਪੱਖ ਹੋ ਜਾਂਦਾ ਹੈ। ਇਸ ਤਰ੍ਹਾਂ ਇਹ ਜਮਾਤੀ ਵਿਚਾਰਧਾਰਾ ਤੇ ਜੱਦੋ ਜਹਿਦ ਨਾਲ ਜੁੜ ਜਾਂਦੀ ਹੈ। ਭੁਲੇਖੇ ਭਰੀ ਚੇਤਨਤਾ ਤੇ ਵਿਚਾਰਧਾਰਾ ਦਾ ਆਰੰਭ ਆਰਥਕ ਹਾਲਾਤ, ਪੈਦਾਵਾਰੀ ਸਾਧਨਾ ਅਤੇ ਆਰਥਕ ਤੇ ਪੈਦਾਵਾਰੀ ਰਿਸ਼ਤਿਆਂ ਵਿਚੋਂ ਹੀ ਲੱਭਿਆ ਜਾ ਸਕਦਾ ਹੈ। ਵਿਚਾਰਧਾਰਕ ਵਿਗਾੜ ਸਮਾਜੀ ਵਿਰੋਧਤਾਈਆਂ ਵਿਚੋਂ ਪੈਦਾ ਹੁੰਦੇ ਹਨ ਅਤੇ ਇਹਨਾਂ ਨੂੰ ਠੀਕ ਕਰਨ ਲਈ ਸਮਾਜੀ/ਜਮਾਤੀ ਵਿਰੋਧਤਾਈਆਂ ਨਾਲ ਲੜਨਾ ਹੋਵੇਗਾ। ਭਾਵ ਕਿ ਜਮਾਤੀ ਜਦੋ ਜਹਿਦ ਕਰਨੀ ਹੋਵੇਗੀ। ਮਜ਼ਦੂਰ ਵਰਗ ਆਪਣੀ ਮਾਰਕਸੀ ਲੈਨਿਨੀ ਵਿਚਾਰਧਾਰਾ ਨਾਲ ਹੀ ਪਿਛੇ ਖਿਚੂ, ਫਿਰਕੂ ਅਤੇ ਲੋਟੂ ਵਿਚਾਰਧਾਰਾ ਦਾ ਮੁਕਾਬਲਾ ਕਰ ਸਕਦਾ ਹੈ। ਇਸ ਲਈ ਮਜ਼ਦੂਰ ਵਰਗ ਦੀ ਵਿਚਾਰਧਾਰਾ ਤੇ ਅਸੂਲ ਸਾਫ ਸੁਥਰੇ, ਪਵਿਤਰ ਅਤੇ ਮਿਲਾਵਟ ਤੋਂ ਰਹਿਤ ਹੋਣੇ ਜ਼ਰੂਰੀ ਹਨ। ਅਸੂਲਾਂ ਦੀ ਬਲੀ ਦੇ ਕੇ ਕੋਈ ਸਮਝੌਤਾ ਨਹੀਂ ਹੋ ਸਕਦਾ। ਮਾਰਕਸ, ਐਂਗਲਜ਼, ਲੈਨਿਨ, ਸਟਾਲਿਨ ਨੇ ਸਿਧਾਂਤ ਦੀ ਸ਼ੁਧਤਾ ਲਈ ਜਦੋ-ਜਹਿਦ ਕੀਤੀ। ਅਤਿਵਾਦੀ ਵੱਖਵਾਦੀ ਅਨਸਰਾਂ ਵਿਰੁਧ ਲੜਾਈ ਭੀ ਜਮਾਤੀ ਤੇ ਸਿਧਾਂਤਕ ਲੜਾਈ ਹੈ। ਇਹਨਾਂ ਨੂੰ ਇਕੱਲੇ ਪ੍ਰਬੰਧਕੀ ਕਦਮਾਂ ਨਾਲ ਨਹੀਂ ਹਰਾਇਆ ਜਾ ਸਕਦਾ। ਕਿਉਂਕਿ ਪੰਜਾਬ ਦਾ ਮਸਲਾ ਸਾਰੇ ਪੰਜਾਬੀਆਂ ਦਾ (ਨਾ ਕਿ ਇਕੱਲੇ ਸਿੱਖਾਂ ਦਾ) ਹੈ, ਸਿਆਸੀ ਹੈ। ਸੋ ਸਿਆਸੀ ਹੱਲ ਚਾਹੀਦਾ ਹੈ।

ਕਮਿਊਨਿਸਟਾਂ ਦੀ ਕੋਈ ਜ਼ਿਦ ਨਹੀਂ। ਹਾਂ ਸਿਧਾਂਤਕ ਤੌਰ ਤੇ ਅਸੀਂ ਠੀਕ ਹਾਂ। ਅਸੀਂ ਆਖਦੇ ਹਾਂ ਕਾਂਗਰਸ ਸਰਕਾਰ ਫਿਰਕਾਪ੍ਰਸਤੀ ਨੂੰ ਉਤਸ਼ਾਹਤ ਕਰਦੀ ਹੈ ਅਤੇ ਪੰਜਾਬ ਮਸਲੇ ਨੂੰ ਵਿਗਾੜਨ ਲਈ ਜ਼ਿਮੇਂਵਾਰ ਹੈ। 1984-85 ਵਿਚ ਸ੍ਰੀਨਗਰ, ਕਲਕੱਤਾ ਅਤੇ ਦਿੱਲੀ ਵਿਚ ਵਿਰੋਧੀ ਪਾਰਟੀਆਂ ਨੇ ਸਾਂਝੇ ਸਿਆਸੀ ਹੱਲ ਪੇਸ਼ ਕੀਤੇ (ਇਸ ਦੀ ਪਹਿਲ ਕਦਮੀ ਮਾਰਕਸੀ ਪਾਰਟੀ ਨੇ ਤੇ ਸੀ ਪੀ ਆਈ ਨਾਲ ਸੀ) ਸੰਤ ਲੌਂਗੋਵਾਲ ਨਾਲ ਉਹ ਹੀ ਸਮਝੌਤਾ ਹੋਇਆ ਜੋ ਮਾਰਕਸੀ ਤੇ ਹੋਰ ਵਿਰੋਧੀ ਪਾਰਟੀਆਂ ਨੇ ਸ੍ਰੀਨਗਰ ਕਾਨਫਰੰਸ ਵਿਚ ਆਖਿਆ ਸੀ। ਇਹ ਅਕਾਲੀ ਸਨ ਜੋ ਬਾਹਰ ਦੇ ਕਪੂਰੀ ਦੇ ਜਨਤਕ ਮੋਰਚੇ ਤੋਂ ਹਟਕੇ, ਮੰਜੀ ਸਾਹਿਬ ਤੋਂ (ਆਪਣੀ ਸੌੜੀ ਸਿਆਸਤ ਲਈ) ਤੋਂ ਜਥੇ ਭੇਜਣ ਲੱਗੇ। ਅਸੀਂ ਦੂਜੇ ਦੇ ਧਾਰਮਿਕ ਅਕੀਦੇ ਦਾ ਸਤਿਕਾਰ ਕਰਦੇ ਹਾਂ। ਪਰ ਜਦੋਂ ਧਾਰਮਿਕ ਬੰਦੇ ਧਰਮ ਦੇ ਨਾਮ ਉਪਰ ਸਿਆਸਤ ਕਰਨ ਤੇ ਸਿਆਸਤ ਵਿਚ ਦਖਲ ਦੇਣ ਤਾਂ ਫਿਰ ਉਹ ਸਿਆਸੀ ਹੋ ਜਾਂਦੇ ਹਨ ਅਤੇ ਉਹਨਾਂ ਨਾਲ ਫਿਰ ਸਿਆਸੀ ਬੰਦਿਆਂ ਦੇ ਤੌਰ ਤੇ ਹੀ ਦੂਜੇ ਮਿਲਦੇ ਹਨ। ਤੰਗ ਨਜ਼ਰ ਅਤੇ ਸਾਮਰਾਜ ਦੇ ਅਜੰਟ ਅਤਿਵਾਦੀ ਹਨ ਜੋ ਧਰਮ ਦੇ ਪਰਦੇ ਥੱਲੇ ਅਤੇ ਜਿਦ ਲਈ ਆਮ ਲੋਕਾਂ ਦੇ ਜਜ਼ਬਾਤਾਂ ਨੂੰ ਭੜਕਾਉਣ ਦਾ ਯਤਨ ਕਰਦੇ ਹਨ। ਇਹ ਦੁਰਵਰਤੋਂ ਕਰਦੇ ਹਨ। ਇਹਨਾਂ ਲੋਕਾਂ ਨੇ ਸਥਿਤੀ ਨੂੰ ਬਹੁਤ ਹੀ ਵਿਗਾੜਿਆ ਅਤੇ ਮੁਲਕ ਦੇ ਟੋਟੇ ਕਰਨ ਤੱਕ ਪਹੁੰਚ ਗਏ ਹਨ। ਇਹਨਾਂ ਨਾਲ ਹਮਦਰਦੀ ਤੇ ਸਾਂਝ ਕਾਹਦੀ। ਆਮ ਸਿਖ ਇਹਨਾਂ ਤੋਂ ਆਤੁਰ ਹੈ। ਅਸੀਂ ਸਰਕਾਰ ਦੀ ਵਧੀਕੀ ਤੇ ਕੁਚਾਲਾਂ ਦੇ ਭੀ ਵਿਰੁਧ ਹਾਂ।

ਮਾਰਕਸੀ ਪਾਰਟੀ ਨੇ 1985 ਦੀ ਕਲਕੱਤਾ ਕਾਂਗਰਸ ਦੀ ਰੀਪੋਰਟ ਲਿਖੀ ਹੈ, "ਰਾਸ਼ਟਰੀ ਏਕਤਾ ਨੂੰ ਖਤਰਾ, ਵੰਡਵਾਦੀ, ਸ਼ਕਤੀਆਂ ਦੀ ਚਣੌਤੀ — ਕਈ ਗੁਣਾਂ ਵਧੀ ਹੈ ਅਤੇ ਦੇਸ਼ ਦੀ ਅਖੰਡਤਾ ਨੂੰ ਭੰਗ ਕਰਨ ਨੂੰ ਬੜਾਵਾ ਦੇਣ ਵਾਲੀਆਂ ਸ਼ਕਤੀਆਂ ਵਿਰੁਧ ਲੜਾਈ ਤੋਂ ਬਿਨਾਂ ਜਮਹੂਰੀ ਅਡਵਾਂਸ ਲਈ ਲੜਾਈ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ।" (ਸਫਾ 64)। ਅਗੇ ਜਾ ਕੇ ਲਿਖਿਆ, "ਹਾਕਮ ਪਾਰਟੀ ਨੇ ਵੱਖਵਾਦੀਆਂ ਦੀ ਚਣੌਤੀ ਦਾ ਸਾਹਮਣਾ ਕਰਨ ਵਿਚ ਆਪਣਾ ਦੀਵਾਲੀਆਪਣ ਅਤੇ ਮੌਕਾਪ੍ਰਸਤੀ ਵਿਖਾ ਦਿੱਤੀ ਹੈ —" (ਸਫਾ - 64)। ਇਹਨਾਂ ਲਿਖਾਰੀਆਂ ਨੂੰ ਦੁੱਖ ਹੈ ਕਿ ਕਮਿਊਨਿਸਟ ਦੇਸ਼ ਦੀ ਏਕਤਾ ਲਈ ਕਿਉਂ ਖੜ੍ਹਦੇ ਹਨ। ਇਹ ਦੱਸਣ ਅਸੀਂ ਕਿਉਂ ਨਾ ਖੜੀਏ ? ਕੀ ਇਹ ਮੁੜ ਦੇਸ਼ ਦੇ ਟੋਟੇ ਕਰਨੇ ਅਤੇ ਦੇਸ਼ ਨੂੰ ਗੁਲਾਮੀ ਦੇ ਜੂਲੇ ਥੱਲੇ ਦੇਣ ਅਤੇ ਸਾਮਰਾਜੀਆਂ ਦੀ ਨੌ-ਆਬਾਦੀ ਬਣਾਉਣਾ ਲੋਚਦੇ ਹਨ। ਭਾਰਤ ਦੀ ਆਜ਼ਾਦੀ ਦੀ ਲਹਿਰ ਵਿਚ ਭੀ ਅਗਾਂਹ ਵਧੂ ਲੋਕਾਂ ਨੇ ਵੱਧ ਚੜ੍ਹ ਕੇ ਕੁਰਬਾਨੀਆਂ ਦਿੱਤੀਆਂ। 1947 ਦੇ ਫਿਰਕੂ ਫਸਾਦਾਂ ਵਿਚ ਭੀ ਕਾਮਰੇਡਾਂ ਨੇ ਲੋਕਾਂ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ। 1984 ਦੇ ਦਿੱਲੀ, ਕਾਨ੍ਹਪੁਰ ਅਤੇ ਕਲਕੱਤੇ ਵਿਚ ਭੀ ਕਾਮਰੇਡਾਂ ਨੇ ਸਿਖਾਂ ਦੀ ਰਾਖੀ ਵਿਚ ਪੂਰਾ ਯੋਗਦਾਨ ਪਾਇਆ। ਦਿੱਲੀ ਦੇ ਕਤਲਾਂ ਦੀ ਪੜਤਾਲ ਲਈ ਜ਼ੋਰ ਦਿੱਤਾ। ਅਤੇ ਹੋਈ ਪੜਤਾਲ ਦੀ ਰੀਪੋਰਟ ਨੂੰ ਛਾਪਣ ਲਈ ਜ਼ੋਰ ਦੇ ਰਹੇ ਹਨ ਅਸੀਂ ਸਮਝਦੇ ਹਾਂ ਜੇ ਪੰਜਾਬੋਂ ਬਾਹਰ ਕੋਈ ਸਿੱਖ, ਮੁਸਲਮ ਕਤਲ ਹੁੰਦਾ ਜਾਂ ਮਾਰਿਆ ਜਾਂਦਾ ਹੈ ਤਾਂ ਪੰਜਾਬ ਵਿਚ ਕਿਸੇ ਹਿੰਦੂ ਜਾਂ ਸਿਖ ਆਦਿ ਦਾ ਕਤਲ ਹੁੰਦਾ ਹੈ, ਉਹ ਇਕ ਕੀਮਤੀ ਇਨਸਾਨ ਦਾ ਕਤਲ ਹੁੰਦਾ ਹੈ। ਕਾਂਗਰਸ ਸਰਕਾਰ ਭੀ ਸਾਨੂੰ ਨਹੀਂ ਚਾਹੁੰਦੀ ਅਤੇ ਵੱਖਵਾਦੀ ਅਤਿਵਾਦੀ ਭੀ ਕਾਮਰੇਡਾਂ ਦੇ ਖ਼ੂਨ ਦੇ ਤਿਹਾਏ ਹਨ। ਪਰ ਦੇਸ਼ ਕਾਂਗਰਸ, ਜਨਸੰਘ, ਤੇ ਸੱਜ ਪਿਛਾਖੜ ਜਾਂ ਫਿਰਕੂਆਂ ਦਾ ਹੀ ਨਹੀਂ, ਸਾਡਾ ਭੀ ਹੈ ਅਤੇ ਜੰਗੇ-ਆਜ਼ਾਦੀ ਵਿਚ ਭੀ ਆਮ ਲੋਕਾਂ ਤੇ ਅਗਾਂਹ ਵਧੂਆਂ ਨੂੰ ਸਭ ਤੋਂ ਵੱਧ ਕੁਰਬਾਨੀਆਂ ਦੇਣੀਆਂ ਪਈਆਂ। ਮੁੜ ਗੁਲਾਮ ਕਰਾਉਣ ਤੇ ਦੇਸ਼ ਦੇ ਟੋਟੇ ਕਰਨ ਵਾਲੇ ਹਰ ਅਨਸਰ ਵਿਰੁਧ ਆਪਣੇ ਫਲਸਫੇ ਦੇ ਅਨੁਸਾਰ ਪੂਰੀ ਤਰ੍ਹਾਂ ਖੜ੍ਹਾਂਗੇ।

ਮਾਰਕਸੀ ਪਾਰਟੀ ਨੇ ਜਨਵਰੀ 1982 ਦੀ ਵਿਜੇਵਾੜਾ ਕਾਂਗਰਸ ਵਿਚ ਮੂਲਵਾਦੀ ਜਮਾਇਤੇ ਇਸਲਾਮੀ, ਅਤੇ ਖਾਲਿਸਤਾਨੀ ਨਾਅਰਿਆਂ ਨੂੰ ਨੰਗਿਆਂ ਕੀਤਾ ਅਤੇ ਉਥੇ ਹੀ "ਹਿੰਦੂ ਛਾਵਨਵਾਦ-ਆਰ. ਐਸ. ਐਸ" ਅਤੇ "ਕੁਝ ਹੋਰ ਸਾਮਰਾਜੀ ਅਜੰਟ ਮੂਲਵਾਦੀਆਂ" ਦਾ ਪਾਜ ਉਘੇੜਿਆ (ਸਫਾ-54-57)। ਇਸ ਹੀ ਤਰ੍ਹਾਂ ਸਾਡੇ ਵਿਗਿਆਨਕ ਸਿਧਾਂਤ ਨੇ (ਨਾ ਕਿ ਕਿਸੇ ਅਗੰਮੀ ਸ਼ਕਤੀ ਨੇ) ਜਿਸ ਦੀ ਸ਼ੁੱਧਤਾ ਤੇ ਪਹਿਰਾ ਦਿੰਦੇ ਹਾਂ, ਮਾਰਕਸੀ ਪਾਰਟੀ ਦੀ ਮਦੂਰਾਏ। 1972 ਵਿਚ ਨੌਵੀ ਕਾਂਗਰਸ ਵਿਚ ਇਹ ਸੇਧ ਦਿੱਤੀ ਕਿ ਆਰਥਕ ਸੰਕਟ ਡੂੰਘਾ ਹੋ ਰਿਹਾ ਹੈ ਅਤੇ ਏਕਾ ਅਧਿਕਾਰਵਾਦ ਦਾ ਡਰ ਹੈ (1975-77 ਤਕ ਐਮਰਜੈਂਸੀ ਲੱਗ ਗਈ)। ਉਸ ਹੀ ਕਾਂਗਰਸ ਦੀ ਰੀਪੋਰਟ ਵਿਚ ਹੈ ਕਿ "ਕੇਂਦਰੀ ਸਰਕਾਰ ਸੂਬਿਆਂ ਦੀ ਖੁਦ ਮੁਖਤਾਰੀ ਉਪਰ ਹੋਰ ਛਾਪੇ ਮਾਰਨ ਦੀ ਨੀਯਤ ਰਖਦੀ ਹੈ — ਦਰ ਅਸਲ ਮਜ਼ਦੂਰ ਜਮਾਤ ਦੀ ਜਮਾਤੀ ਚੇਤਨਤਾ ਨੂੰ ਨਸ਼ਟ ਕਰਨ, ਜਮਾਤੀ ਏਕਤਾ ਨੂੰ ਰੋਕਣ ਅਤੇ ਲੋਕ ਰੋਹ ਨੂੰ ਕੁਰਾਹੇ ਪਾਉਣ ਲਈ (ਕੇਂਦਰੀ ਸਰਕਾਰ) ਵੰਡਵਾਦੀ, ਛਾਵਨਵਾਦੀ, ਜ਼ਾਤੀਵਾਦੀ ਅਤੇ ਫਿਰਕੂ ਤਾਕਤਾਂ ਦੀ ਮਦਦ ਕਰਦੀ ਹੈ" (ਪੈਰਾ 110, 1972)। ਸੋ ਕਮਿਊਨਿਸਟ ਤਾਂ ਪਹਿਲਾਂ ਤੋਂ ਹੀ ਫਿਰਕਾਪ੍ਰਸਤੀ ਤੇ ਵੰਡਪਾਊ ਅਨਸਰਾਂ ਤੋਂ ਸੁਚੇਤ ਕਰਦੇ ਰਹੇ ਹਨ। ਇਸ ਤਰ੍ਹਾਂ ਦੇ ਲਿਖਾਰੀ ਮੌਕਾਪ੍ਰਸਤੀ ਜਾਂ ਡਰ ਦਾ ਸ਼ਿਕਾਰ ਹਨ। ਜੋ ਸਪਸ਼ਟ ਸਟੈਂਡ ਲੈਣ ਨੂੰ ਤਿਆਰ ਨਹੀਂ ਕਾਂਗਰਸ ਸਰਕਾਰ ਤਾਂ ਕੇਰਲਾ ਦੀ ਖੱਬੇ ਪੱਖੀ ਸਰਕਾਰ ਨੂੰ ਜ਼ਬਰਦਸਤੀ ਤੋੜਦੀ ਰਹੀ। ਬੰਗਾਲ ਵਿਚ ਗੋਰਖਾਲੈਂਡ ਸਵਾਲ ਖੜ੍ਹਾ ਕੀਤਾ ਤਾਕਿ ਮਾਰਕਸੀ ਪਾਰਟੀ ਦੇ ਅਗਵਾਈ ਵਾਲੇ ਫਰੰਟ ਦੀ ਸਰਕਾਰ ਟੁੱਟੇ ਪਰ ਪਾਰਟੀ ਨੇ ਵਧੀਆ ਸਟੈਂਡ ਰੱਖਿਆ ਤਰੀਪੁਰਾ ਵਿਚ ਫੌਜੀ ਮੱਦਦ ਨਾਲ ਕਮਿਊਨਿਸਟਾਂ ਨੂੰ ਹਰਾਇਆ ਅਤੇ ਹੁਣ ਤਕ ਹਜ਼ਾਰਾਂ ਹੀ ਮਾਰਕਸੀ ਵਰਕਰ ਮਾਰੇ ਗਏ ਹਨ। ਔਰਤਾਂ ਦੀ ਬੇ-ਪਤੀ ਕੀਤੀ ਜਾਂਦੀ ਹੈ। ਕਾਂਗਰਸ ਸਰਕਾਰ ਦੀ ਦਹਿਸ਼ਤ ਜ਼ੋਰਾਂ 'ਤੇ ਹੈ। ਪਰ ਅਸੀਂ ਇਸ ਗੱਲ ਨੂੰ ਸਿਆਸੀ ਸਮਝਦੇ ਹਾਂ ਅਤੇ ਕਾਂਗਰਸ ਵਿਰੁਧ ਸਿਆਸੀ ਲੜਾਈ ਜਾਰੀ ਹੈ। ਨਾ ਕਿ ਵੱਖਵਾਦੀਆਂ ਵਾਂਗ ਲੋਕਾਂ ਨੂੰ ਜਾਤੀਵਾਦ ਜਾਂ ਕਬਾਇਲੀ ਜਾਂ ਧਰਮ ਦੇ ਆਧਾਰ ਤੇ ਵੰਡਣ ਦੀ।

ਮਾਰਕਸ, ਐਂਗਲਜ਼ ਤੇ ਲੈਨਿਨ ਨੇ ਭੀ ਸਿਧਾਂਤ ਦੀ ਕੀਮਤ ਤੇ ਸਮਝੌਤੇ ਦੀ ਵਿਰੋਧਤਾ ਕੀਤੀ। ਪਰ ਸਿਧਾਂਤ/ਅਸੂਲ ਦੇ ਆਧਾਰ ਤੇ ਸਾਂਝੇ ਦੁਸ਼ਮਣ ਵਿਰੁਧ ਸਾਂਝੇ ਐਕਸ਼ਨ ਦੇ ਹੱਕ ਵਿਚ ਆਖਿਆ। ਅਮਲੀ ਤੇ ਲੋਕ ਹਿਤੂ ਇਕ ਵੀ ਕਦਮ ਦਰਜਨ ਪ੍ਰੋਗਰਾਮਾਂ ਨਾਲੋਂ ਚੰਗਾ ਹੈ। ਮਾਰਕਸ ਨੇ ਆਖਿਆ ਸੀ ਕਿ "ਅਸੂਲਾਂ ਦੀ ਕੀਮਤ ਤੇ ਸਮਝੌਤਾ ਨਾ ਕਰੋ ਅਤੇ ਨਾ ਹੀ ਕੋਈ ਸਿਧਾਂਤਕ ਛੋਟ ਦਿਉ — ਪਰ ਕਈ ਲੋਕ ਹਨ ਜੋ ਸਿਧਾਂਤ ਦੀ ਅਹਿਮੀਅਤ ਨੂੰ ਛੁਟਿਆਉਂਦੇ ਹਨ।"

ਇਨਕਲਾਬੀ ਸਿਧਾਂਤ ਤੋਂ ਬਿਨਾਂ ਕੋਈ ਇਨਕਲਾਬੀ ਲਹਿਰ ਨਹੀਂ ਹੋ ਸਕਦੀ। ਕਮਿਊਨਿਸਟ ਹਰਾਵਲ ਦਸਤੇ ਦਾ ਰੋਲ ਤਾਂ ਅਗਾਂਹਵਧੂ ਤੇ ਲੋਕ ਏਕਤਾ ਵਾਲੇ ਸਿਧਾਂਤ ਨਾਲ ਹੀ ਅਦਾ ਕਰ ਸਕਦੇ ਹਨ। ਪਿਛੇ ਖਿਚੂ ਸਿਧਾਂਤਕਾਰ ਲੋਕਾਂ ਨੂੰ ਭੁਲੇਖੇ ਪਾਉਣ ਲਈ ਜਮਹੂਰੀਅਤ ਆਦਿ ਦੇ ਨਾਅਰੇ ਭੀ ਲਾਉਂਦੇ ਹਨ। ਵੇਖਣਾ ਹੈ ਉਹਨਾਂ ਦੀ ਕਹਿਣੀ ਤੇ ਕਰਨੀ ਇਕ ਹੈ ? ਅਸਲੀ ਨੁਕਤਾ ਤਾਂ ਇਹ ਹੈ ਕਿ ਪਾਰਟੀ ਅਗੇ ਕਿਹੜਾ ਅਹਿਮ ਤੇ ਤੁਰੰਤ ਮਸਲਾ ਹੈ। ਕਿੰਨਾ ਗੰਭੀਰ ਹੈ ਅਤੇ ਉਸ ਨਾਲ ਨਿਪਟਣ ਲਈ ਫੌਰੀ ਕੰਮ ਨੂੰ ਨੇਪਰੇ ਚਾੜਨਾ ਜ਼ਰੂਰੀ ਹੈ। ਪਰ ਕਮਿਊਨਿਸਟ "ਫਾਰਮੂਲਾ ਕਾਮਰੇਡ ਨਹੀਂ" (ਮਾਓ)।

ਬਾਕੀ ਪੰਨਾ 29 'ਤੇ


# WHEATON PONTIAC BUICK GMC LTD.


Kuldip S. Jhand

ਸਾਡੇ ਕੋਲ ਬਹੁਤ ਸਾਰੀਆਂ ਕਾਰਾਂ, ਵੈਨਾਂ, ਪਿਕ-ਅੱਪ ਆਦਿ ਹਨ — ਕੀਮਤਾਂ ਸਭ ਨਾਲੋਂ ਵਾਜਬ ਹਨ। ਕਾਰਾਂ, ਵੈਨਾਂ ਤੇ ਪਿਕ-ਅੱਪ ਖ਼੍ਰੀਦਣ ਜਾਂ ਵੇਚਣ ਤੋਂ ਪਹਿਲਾਂ ਇਕ ਵਾਰ ਕੁਲਦੀਪ ਝੰਡ ਨੂੰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਚੰਗੀ ਕੀਮਤ ਦਾ ਭਰੋਸਾ ਦਵਾਉਂਦੇ ਹਨ।

GM Canada

**SPECIAL PRICE ON NEW ACADIAN, FINANCE AVAILABLE - 8.8% LIMITED TIME**



**Bus: 526-2781   Res: 524-4137   Pager 687- 7711 #7610**

**325—12th St., New Westminster, B.C.**

# The Manitoba Mirror

# ਮੈਨੀਟੋਬਾ ਦਰਪਣ


## BRAR NATURAL FLOUR MILLS

— ਸ਼ੇਰੇ-ਪੰਜਾਬ ਡੂਰਮ ਕਣਕ ਦਾ ਆਟਾ —

ਚਾਹੇ ਰੋਟੀਆਂ ਪਕਾਓ ਜਾਂ ਪੂਰੀਆਂ ਬਣਾਓ

ਫ਼ੋਨ : 204-632-5360

ਵਧੀਆ ਮੱਕੀ ਪੀਸਣ ਵਾਲੀਆਂ ਅਤੇ
ਵਧੀਆ ਵੇਸਣ ਪੀਸਣ ਵਾਲੀਆਂ ਚੱਕੀਆਂ
ਨਵੀਆਂ ਲੱਗ ਰਹੀਆਂ ਹਨ

ਗਰੌਸਰੀ ਦੀਆਂ ਸਾਰੀਆਂ ਵਸਤਾਂ ਵਾਜਬ ਭਾਅ 'ਤੇ

ਮੂਵੀਆਂ — ਟੇਪਾਂ ਵੀ ਇਥੋਂ ਮਿਲਦੀਆਂ ਹਨ

Ph. 775-6989

830 - NOTRE DAME AVE. WINNIPEG, MAN.



ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼੍ਰੀਦਣ ਜਾਂ ਵੇਚਣ ਲਈ

ਮਿੱਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

ਅਵਤਾਰ ਟਿਵਾਣਾ ਨੂੰ ਮਿਲੋ ਜਾਂ ਫੋਨ ਕਰੋ :

Ph. Off: (204) 694-5000

Res: 694-3198

Pager 942-7788 #02284



Sales Representative

## REMAX REALTY

10 - 2230 McPhillps St., Winnipeg, MB R2V 3C8





ਵੀਡੀਓ ਮੂਵੀਆਂ ਵੀ ਇਥੋਂ ਲੈ ਸਕਦੇ ਹੋ

ਵਿੰਨੀਪੈਗ ਵਿਚ ਕੱਪੜੇ ਤੇ ਗਹਿਣਿਆਂ ਦੀ ਦੁਕਾਨ

## ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ





ਦਾਜ-ਵਰੀ ਦੇ ਗਹਿਣੇ ਇਕੋ ਹੀ ਥਾਂ ਤੋਂ ਬਣਵਾਓ

ਆਪਣੇ ਮਨਪਸੰਦ ਦੇ ਗਹਿਣੇ ਬਨਵਾਉਣ ਲਈ ਵੀ

ਕੋਹਿਨੂਰ ਜਿਊਲਰਜ਼ ਅਤੇ ਫੈਬਰਿਕ ਸੈਂਟਰ ਤੇ ਪਹੁੰਚੋ



ਵੰਨ ਸਵੰਨੇ ਸੂਟ ਤੇ ਸਾੜ੍ਹੀਆਂ ਦੀ ਚੋਣ ਅਤੇ ਦਾਜ-ਵਰੀ ਲਈ ਯਾਦ ਰੱਖੋ

ਕੋਹਿਨੂਰ ਜਿਊਲਰਜ਼ ਤੇ ਫੈਬਰਿਕ ਸੈਂਟਰ

ਵਧੀਆ ਕੁਆਲਿਟੀ, ਵਾਜਬ ਕੀਮਤਾਂ, ਦੋਸਤਾਨਾ ਵਰਤਾਓ ਅਤੇ ਤਸੱਲੀਬਖ਼ਸ਼ ਚੀਜ਼ਾਂ ਮਿਲਦੀਆਂ ਹਨ

**Kohinoor Jewellers & Fabric Centre**

New Location — 724 - Sargent Ave., Winnipeg, MAN.

Ph. Bus. 772-3937

Res. 633-6567



## REDWOOD MOTORS LTD.

ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ



**Automotive Repairs — Alignment and Wheel Balancing**

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



PH. 582-7138

600 - Redwood Ave. WINNIPEG, MAN.

The Manitoba Mirror

# ਮੈਨੀਟੋਬਾ ਦਰਪਣ

## V.I.P. SUPERMARKET

**Ph. 774-8671**

ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ,
ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ

ਗੋਲਗੱਪੇ ਅਤੇ ਸਮੋਸਾ ਮੇਕਰ
ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ
ਮਿਲ ਸਕਦੇ ਹਨ
ਸਭ ਤੋਂ ਪੁਰਾਣਾ ਗਰੌਸਰੀ ਸਟੋਰ ਜੋ 12 ਸਾਲ ਤੋਂ ਏਸੇ ਥਾਂ ਹੈ :

V.I.P. SUPERMARKET
739, Elice Ave. WINNIPEG, MAN.

## Moti Flour Industries

620 - Sophia St., SELKIRK — MAN.

**Ph. 204-482-4111**
**Or. 204-785-1054**

**100% ਡੁਰਮ ਕਣਕ ਦਾ ਆਟਾ**

ਵੇਸਣ, ਦਲੀਆ, ਮੱਕੀ ਦਾ ਆਟਾ ਹੋਲਸੇਲ ਕੀਮਤਾਂ ਉਤੇ

GRIND YOUR OWN MASALA

ਆਟਾ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕਿਟ ਤੋਂ ਵੀ ਮਿਲ
ਸਕਦਾ ਹੈ

## Bombay Fashions & Fabrics

720 — SARGENT AVE. WINNIPEG, MAN. R3E 0B2 **PH. 783-0904**

ਵਿਨੀਪੈਗ ਸ਼ਹਿਰ ਵਿਚ ਨਵੇਂ ਨਵੇਂ ਲੇਟੇਸਟ ਡੀਜ਼ਾਇਨਾਂ ਅਤੇ ਭਾਰੀ ਵਰਾਇਟੀ ਦਾ
ਸਭ ਤੋਂ ਵੱਡਾ ਇਕੋ ਇਕ ਸਟੋਰ ਜਿਥੇ ਹਰ ਸਮੇਂ ਮਿਲਦੇ ਹਨ

- ਪੰਜਾਬੀ ਇਕ ਪੀਸ, ਦੋ ਪੀਸ ਤੇ ਤਿੰਨ ਪੀਸ ਸੂਟ
- ਹਰ ਤਰ੍ਹਾਂ ਦੀਆਂ ਇੰਡੀਆਂ ਦੀ ਸਿਲਕ ਦੀਆਂ ਅਤੇ ਜਾਪਾਨੀ ਸਾੜ੍ਹੀਆਂ
- ਵਿਆਹ ਸ਼ਾਦੀ ਦਾ ਸਾਰਾ ਸਮਾਨ ਲਹਿੰਗੇ, ਸੂਟ ਅਤੇ ਸਾੜ੍ਹੀਆਂ ਵੀ
- ਹਿੰਦੁਸਤਾਨੀ ਹਾਰ ਸ਼ਿੰਗਾਰ ਦਾ ਸਾਰਾ ਸਮਾਨ
- ਬੱਚਿਆਂ ਲਈ ਫੈਨਸੀ ਲਹਿੰਗੇ ਸੂਟ
- ਆਦਮੀਆਂ ਅਤੇ ਮੁੰਡਿਆਂ ਲਈ ਰੈਡੀਮੇਡ ਕੁੜਤੇ ਪਜਾਮੇ
- ਲੇਡੀਜ ਦੇ ਰੈਡੀਮੇਡ ਸੂਟ
- ਸ਼ਾਲ ਅਤੇ ਬਹੁਤ ਵਰਾਇਟੀ ਵਿਚ ਗੋਟਾ-ਕਿਨਾਰੀ

ਕੁਆਲਿਟੀ ਵਧੀਆ ਅਤੇ ਕੀਮਤਾਂ
ਬਿਲਕੁਲ ਵਾਜਬ
ਆਉ ਤੇ ਅਜ਼ਮਾ ਕੇ ਦੇਖੋ !!

**ਬੰਬੇ ਫੈਸ਼ਨਜ਼ ਅਤੇ ਫੈਬਰਿਕਸ**



# NORTH AMERICAN LIFE ASSURANCE CO.

**To Your Needs Which You Can Afford**

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼ੀਦਣ ਲਈ



Sukhjinder S. Dhillon
Res: 669-2573

**ਰਾਜ ਸਿੰਘ ਮਾਨ**
ਜਾਂ
**ਸੁਖਜਿੰਦਰ ਸਿੰਘ ਢਿੱਲੋਂ**
ਨੂੰ ਮਿਲੋ

● ਲਾਈਫ ਇਨਸ਼ੋਰੈਂਸ ● ਗਰੁੱਪ ਇਨਸ਼ੋਰੈਂਸ ● ਮਾਰਗੇਜ ਇਨਸ਼ੋਰੈਂਸ
● ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4



Raj Singh Maan Sales Manager
Res. 694-0731
Commissioner for oaths

ਦੱਖਣੀ ਅਮਰੀਕਾ ਸਭ ਥਾਵੀਂ ਲਗਪਗ ਇਕੋ ਢੰਗ ਨਾਲ ਹੀ ਵਾਪਰਿਆ ਹੈ। ਇਸ ਤਰ੍ਹਾਂ ਮਿਹਨਤੀ ਲੋਕਾਂ ਦੀ ਜਮਾਤ ਨਾਲ ਸਬੰਧਿਤ ਪਾਰਟੀਆਂ ਦਾ ਸੰਗਰਾਮ ਹੀ ਸੱਚਾ ਦੇਸ਼ ਭਗਤਕ ਸੀ ਅਤੇ ਦੂਜੀਆਂ ਜਮਾਤਾਂ ਦਾ ਨੁਕਸਦਾਰ ਦੇਸ਼ ਭਗਤੀ ਵਾਲਾ ਜਾਂ ਸਵਾਰਥੀ ਦੇਸ਼ ਭਗਤੀ ਵਾਲਾ ਸੰਗਰਾਮ ਸੀ।

ਜਿਸ ਪਾਰਟੀ ਜਾਂ ਵਿਅਕਤੀ ਦੀ ਦੇਸ਼ ਭਗਤੀ ਦਾ ਜਜ਼ਬਾ, ਮਨੁੱਖੀ ਕਦਰਾਂ ਕੀਮਤਾਂ ਦੀ ਚੇਤੰਨਤਾ ਨਾਲ ਰੌਸ਼ਨ ਹੁੰਦਾ ਹੈ, ਉਹ ਕਦੀ ਥਿੜਕਦੀ ਨਹੀਂ, ਜਿਸ ਵਿਚੋਂ ਚੇਤੰਨਤਾ ਦਾ ਅਭਾਵ ਹੁੰਦਾ ਹੈ, ਉਹ ਸੰਗਰਾਮ ਦੌਰਾਨ ਕਦੇ ਵੀ ਥਿੜਕ ਸਕਦੀ ਹੈ।

ਭਾਰਤ ਦੇ ਬਰਤਾਨਵੀ ਸਾਮਰਾਜ ਵਿਰੁੱਧ ਸੰਗਰਾਮ ਵਿਚ ਕੌਮੀ ਸਰਮਾਏਦਾਰ ਜਮਾਤ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਦੀ ਅਤੇ ਉਸ ਦੇ ਆਗੂਆਂ ਦੀ ਦੇਸ਼ ਭਗਤੀ, ਨੁਕਸਦਾਰ ਦੇਸ਼-ਭਗਤੀ ਸੀ। ਕਾਂਗਰਸ ਦੇ ਪਿਛੇ ਲੱਗ ਕੇ ਸਾਮਰਾਜ ਵਿਰੋਧੀ ਲਹਿਰ ਵਿਚ ਸ਼ਾਮਲ ਲੋਕਾਂ ਦੀ ਦੇਸ਼ ਭਗਤੀ ਸੱਚੀ ਅਤੇ ਸੁੱਚੀ ਹੀ ਸੀ, ਪਰ ਉਨ੍ਹਾਂ ਵਿਚ ਚੇਤੰਨਤਾ ਦੀ ਘਾਟ ਸੀ। ਏਸੇ ਲਈ ਹੀ ਮਨੁੱਖੀ ਕਦਰਾਂ ਕੀਮਤਾਂ ਤੋਂ ਚੇਤੰਨ ਲੋਕਾਂ ਨੇ ਕਾਂਗਰਸ ਤੋਂ ਵੱਖ ਹੋ ਕੇ ਕਮਿਊਨਿਸਟ ਪਾਰਟੀ ਨੂੰ ਜਥੇਬੰਦ ਕੀਤਾ। ਕਮਿਊਨਿਸਟਾਂ ਦੀ ਦੇਸ਼ ਭਗਤੀ ਵਿਚ ਸੁਆਰਥ ਲਈ ਕੋਈ ਥਾਂ ਨਹੀਂ, ਜੋ ਸਮੁੱਚੇ ਭਾਰਤ ਦੇ ਲੋਕਾਂ ਦੇ ਹਿਤਾਂ ਲਈ ਅੱਜ ਵੀ ਖੜੇ ਹਨ। ਲੋਕਾਂ ਦੀ ਆਰਥਕ ਮੁਕਤੀ ਲਈ, ਸੁਤੰਤਰਤਾ ਸੰਗਰਾਮ ਦੇ ਦੇਸ਼ ਭਗਤਾਂ ਦੇ ਸੁਪਨਿਆਂ ਨੂੰ ਸਾਕਾਰ ਕਰਨਾ ਚਾਹੁੰਦੇ ਹਨ।

ਬਰਤਾਨਵੀ ਸਾਮਰਾਜ ਵਿਰੁਧ ਸੰਘਰਸ਼ ਕਰਨ ਵਾਲੇ ਦੇਸ਼ ਭਗਤਾਂ ਇਸ ਲਈ ਕੁਰਬਾਨੀਆਂ ਨਹੀਂ ਦਿੱਤੀਆਂ ਸਨ ਕਿ ਉਹ ਪੰਜਾਬੀ, ਬੰਗਾਲੀ ਜਾਂ ਮਰਹੱਟੇ ਸਨ ; ਉਹ ਹਿੰਦੂ, ਸਿੱਖ ਜਾਂ ਮੁਸਲਮਾਨ ਸਨ। ਉਹ ਤਾਂ ਇਸ ਤਰ੍ਹਾਂ ਦੀ ਇਲਾਕਾਪ੍ਰਸਤੀ ਅਤੇ ਫਿਰਕੂ ਕੱਟੜਤਾ ਦੇ ਵੈਰੀ ਸਨ। ਉਹ ਏਸੇ ਲਈ ਮੁਸਲਮਾਨ ਹੁੰਦੇ ਹੋਏ, ਮੁਸਲਮ ਲੀਗ ਦੇ ਵਿਰੁੱਧ ਸਨ, ਹਿੰਦੂ ਹੁੰਦੇ ਹੋਏ, ਹਿੰਦੂ ਮਹਾਂ ਸਭਾ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਵਿਰੁਧ ਸਨ, ਸਿੱਖ ਹੁੰਦੇ ਹੋਏ ਚੀਫ ਖਾਲਸਾ ਦੀਵਾਨ ਦੇ ਵਿਰੁਧ ਸਨ। ਕਿਉਂਕਿ ਇਹ ਸਾਮਰਾਜ ਪਿਠੂ ਅਤੇ ਲੋਕਾਂ ਨੂੰ ਪਾੜਨ ਵਾਲੇ ਸਨ। ਉਹ ਦੇਸ਼ ਭਗਤ ਤਾਂ ਸਮੁੱਚੇ ਭਾਰਤ ਲਈ ਜੂਝਦੇ ਸਨ। ਉਹ ਜਾਣਦੇ ਸਨ ਕਿ ਵੰਡਵਾਦੀ ਵਿਚਾਰ ਲੋਕਾਂ ਦੀ ਏਕਤਾ ਨੂੰ ਤੋੜਦੇ ਹਨ। ਏਕਤਾ ਜਿਸ ਦੀ ਹਰ ਸੰਘਰਸ਼ ਵਿਚ ਜਿੱਤ ਲਈ ਵੱਡੀ ਲੋੜ ਹੁੰਦੀ ਹੈ। ਏਕਤਾ ਉਸਾਰਨ ਲਈ ਚੇਤੰਨਤਾ ਦਾ ਸੰਗਰਾਮ ਕਰਨਾ ਪੈਂਦਾ ਹੈ। ਗੈਰ ਮਨੁੱਖੀ ਸ਼ਕਤੀਆਂ ਕਦੇ ਏਕਤਾ ਉਸਾਰ ਨਹੀਂ ਸਕਦੀਆਂ ਅਤੇ ਨਾ ਹੀ ਏਕਤਾ ਕਾਇਮ ਰੱਖ ਸਕਦੀਆਂ ਹਨ ਕਿਉਂਕਿ ਉਨ੍ਹਾਂ ਦਾ ਖਾਸਾ ਹੀ ਵਿਨਾਸ਼ਕਾਰੀ ਅਤੇ ਟੁੱਟ-ਭੱਜ ਦਾ ਹੁੰਦਾ ਹੈ। ਜੇ ਕਿਧਰੇ ਉਹ ਕੁਝ ਸਮੇਂ ਲਈ ਏਕਤਾ ਉਸਾਰ ਵੀ ਲੈਣ ਤਾਂ ਉਹ ਆਮ ਲੋਕਾਂ ਦੇ ਨੱਕ ਵਿਚ ਦਮ ਕਰ ਦਿੰਦੇ ਹਨ ਅਤੇ ਮੌਤ ਦਾ ਤਾਂਡਵ ਨਾਚ ਨੱਚਦੇ ਹਨ।

ਭਾਰਤ ਦੇ ਲੋਕਾਂ ਵਿਚ ਅੰਗਰੇਜ਼ ਵਿਰੁਧ ਸੰਗਰਾਮ ਵਿਚੋਂ ਜੋ ਦੇਸ਼ ਭਗਤੀ ਪੈਦਾ ਹੋਈ ਸੀ ਉਸ ਨੂੰ ਵੱਡੀ ਸੱਟ ਤਾਂ ਦੇਸ਼ ਦੀ ਵੰਡ ਸਮੇਂ ਦੇ ਫਿਰਕੂ ਫਸਾਦਾਂ ਨੇ ਮਾਰੀ, ਪਰ ਕਾਂਗਰਸ ਦੇ ਚਾਰ ਦਹਾਕਿਆਂ ਦੇ ਰਾਜ ਨੇ ਹੋਰ ਹੋਰ ਫਿਰਕੂ ਭਾਂਬੜ ਬਲਣ ਵਿਚ ਸਹਿਯੋਗ ਦਿੱਤਾ। ਧਰਮ ਨਿਰਪੱਖਤਾ ਨੂੰ ਸਹੀ ਅਰਥਾਂ ਵਿਚ ਅਮਲ ਵਿਚ ਨਾ ਲਿਆਂਦਾ। ਇਹੋ ਕਾਰਨ ਹੈ ਕਿ ਦੇਸ਼ ਵਿਚ ਸਰਮਾਏਦਾਰੀ ਪ੍ਰਬੰਧ ਵਿਚੋਂ ਵਿਕਸਤ ਹੋਏ ਸਰਮਾਏਦਾਰੀ-ਸਭਿਆਚਾਰ ਨੇ, ਦੇਸ਼ ਭਗਤਕ ਭਾਵਨਾਵਾਂ ਦੀ ਥਾਂ ਉਪਰ, ਸਵਾਰਥ ਲਾਲਚ, ਲੁੱਟ, ਰਿਸ਼ਵਤ, ਬੇਈਮਾਨੀ ਆਦਿ ਨੂੰ ਜਨਮ ਦਿੱਤਾ ਹੈ। ਹਾਕਮਾਂ ਨੇ ਤੰਗ ਰਾਜਸੀ ਹਿਤਾਂ — ਚੋਣਾਂ ਜਿੱਤਣ ਲਈ ਅਤੇ ਰਾਜ ਸੱਤਾ ਕਾਇਮ ਰੱਖਣ ਲਈ, ਧਰਮ, ਬੋਲੀ, ਇਲਾਕਾ ਪ੍ਰਸਤੀ ਆਦਿ ਨੂੰ ਪਾੜੇ ਪਾਉਣ ਲਈ ਵਰਤਿਆ। ਇਹ ਹਾਕਮ ਪਾਰਟੀ ਦਾ ਦੇਸ਼ ਨਾਲ ਨਿਰੋਲ ਧਰੋਹ ਹੈ।

ਸੱਚੀ ਸੁੱਚੀ ਦੇਸ਼ ਭਗਤੀ ਕਿਉਂਕਿ ਮਨੁੱਖੀ ਕਦਰਾਂ-ਕੀਮਤਾਂ ਉਪਰ ਆਧਾਰਤ ਹੁੰਦੀ ਹੈ ਇਸ ਲਈ ਇਹ ਕੁਦਰਤੀ ਹੈ ਕਿ ਇਸ ਦਾ ਘੇਰਾ ਇਲਾਕਾਈ ਜਾਂ ਕੌਮੀ ਹੱਦਾਂ ਨੂੰ ਟੱਪ ਜਾਂਦਾ ਹੈ। ਇਹ ਦੇਸ਼ ਭਗਤੀ, ਸੰਸਾਰ ਦੇ ਹਰ ਦੇਸ਼ ਦੇ ਲੋਕਾਂ ਦੇ ਦੁੱਖਾਂ ਦੇ ਸਾਂਝੀਦਾਰ ਬਣਨ ਲਈ ਅਤੇ ਮਨੁੱਖਤਾ ਦੇ ਵੈਰੀ ਸਾਮਰਾਜੀਆਂ ਦੇ ਵਿਰੋਧ ਲਈ ਵੀ ਲੋਕ ਬੰਨ੍ਹ ਖਲੋਂਦੀ ਹੈ। ਇਸ ਦੇਸ਼ ਭਗਤਕ ਭਾਵਨਾ ਦਾ ਕੌਮਾਂਤਰੀਵਾਦ ਨਾਲ ਕੋਈ ਟਕਰਾ ਨਹੀਂ ਹੈ, ਸਗੋਂ ਮਨੁੱਖੀ ਕਦਰਾਂ-ਕੀਮਤਾਂ ਉਪਰ ਆਧਾਰਤ ਦੇਸ਼ ਭਗਤੀ ਅਗੋਂ ਕੌਮਾਂਤ੍ਰੀਵਾਦ ਵੱਲ ਵਧਦੀ ਹੈ। ਇਸੇ ਲਈ ਵੀਅਤਨਾਮ ਉਪਰ ਹਮਲੇ ਦੇ ਸਮੇਂ, ਫਲਸਤੀਨੀ ਲੋਕਾਂ ਦੇ ਹੱਕੀ ਸੰਘਰਸ਼ਾਂ ਨਾਲ ਇਕਮੁੱਠਤਾ, ਨਿਕਾਰਾਗੂਆ ਦੇ ਲੋਕਾਂ ਵਿਰੁਧ ਅਮਰੀਕੀ ਸਾਮਰਾਜੀਆਂ ਦੀ ਸਾਜ਼ਸ਼ ਵਿਰੁਧ, ਲਿਬੀਆ ਉਪਰ ਅਮਰੀਕੀ ਹਮਲੇ ਵਿਰੁਧ, ਗਰਨੇਡਾ ਉਪਰ ਅਮਰੀਕੀ ਫੌਜਾਂ ਦੇ ਕਬਜ਼ੇ ਵਿਰੁਧ, ਦੱਖਣੀ ਅਫਰੀਕਾ ਦੀ ਨਸਲਪ੍ਰਸਤ ਸਰਕਾਰ ਵਿਰੁਧ ਜੂਝ ਰਹੇ ਕਾਲੇ ਲੋਕਾਂ ਨਾਲ ਇਕਮੁੱਠਤਾ ਦੇ ਸਮੇਂ, ਸੰਸਾਰ ਅਮਨ ਦੇ ਮਹੱਤਵ ਪੂਰਨ ਮਸਲੇ ਉਪਰ ਅਤੇ ਹੋਰ ਅਜਿਹੇ ਸਵਾਲਾਂ ਉਪਰ ਭਾਰਤ ਦੇ ਹੀ ਨਹੀਂ, ਕਨੇਡਾ, ਇੰਗਲੈਂਡ, ਯੂਰਪ, ਪਾਕਿਸਤਾਨ, ਚੀਨ ਆਦਿ ਦੇ, ਸਗੋਂ ਸਾਰੇ ਸੰਸਾਰ ਦੇ ਹੀ ਕਹਿਣਾ ਚਾਹੀਦਾ ਹੈ, ਦੇਸ਼ ਭਗਤ ਲੋਕ ਕੌਮਾਂਤਰੀਵਾਦੀ ਭਾਵਨਾਂ ਨਾਲ ਇਕਮੁੱਠਤਾ ਦਾ ਪ੍ਰਗਟਾ ਕਰਦੇ ਹਨ। ਅਜਿਹਾ ਇਸ ਲਈ ਕਰਨਾ ਸੰਭਵ ਹੁੰਦਾ ਹੈ ਕਿ ਇਹ ਦੇਸ਼ ਭਗਤਕ-ਉਤਸ਼ਾਹ ਚੇਤੰਨਤਾ ਪੂਰਬਕ ਹੁੰਦਾ ਹੈ।

ਦੂਜੇ ਪਾਸੇ ਦੇਸ਼ ਧਰੋਹੀ ਸ਼ਕਤੀਆਂ, ਹਰ ਗੈਰ ਮਨੁੱਖੀ, ਗੈਰ ਜਮਹੂਰੀ, ਕੱਟੜਪੰਥੀ, ਜ਼ਾਲਮ ਅਤੇ ਅਤਿ ਦੇ ਸੁਆਰਥੀ ਕੰਮ ਕਰਨ ਤੋਂ ਵੀ ਨਹੀਂ ਝਿਜਕਦੀਆਂ। ਏਸੇ ਲਈ ਇਹ ਲੋਕ ਇਕਮੁੱਠ ਨਹੀਂ ਰਹਿ ਸਕਦੇ, ਸਦਾ ਹੀ ਟੁਕੜਿਆਂ ਵਿਚ ਵੰਡੇ ਜਾਂਦੇ ਹਨ। ਇਹ ਸਾਰੇ ਹੀ ਸੱਪ ਹੁੰਦੇ ਹਨ ਜੋ ਕਿ ਇਕ ਦੂਜੇ ਨੂੰ ਨਿਗਲ ਜਾਣਾ ਚਾਹੁੰਦੇ ਹਨ। ਲੁੱਟ ਦੇ ਮਾਲ ਵੰਡਣ ਸਮੇਂ ਜਾਂ ਲੁੱਟ ਉਪਰ ਹੈਂਕੜ ਭਰੀ ਇਜਾਰੇਦਾਰੀ ਅਤੇ ਚੌਧਰ ਦੀ ਕਾਇਮੀ ਲਈ ਇਕ ਦੂਜੇ ਦਾ ਗਲ ਵੱਢਦੇ ਹਨ। ਇਹ ਦੇਸ਼ ਧਰੋਹੀ ਕੇਵਲ ਰਾਜਸੀ ਅਰਥਾਂ ਵਿਚ ਹੀ ਦੇਸ਼ ਧਰੋਹੀ ਨਹੀਂ ਹੁੰਦੇ, ਸਗੋਂ ਇਹ ਰੁਝਾਣ ਸਮਾਜੀ ਅਤੇ ਸਭਿਆਚਾਰਕ ਵਿਕਾਸ ਨੂੰ ਰੋਕਣ ਵਾਲਾ ਵੀ ਹੁੰਦਾ ਹੈ। ਇਹ ਸਮਾਂ ਵਿਹਾ ਚੁਕੀਆਂ ਲੋਕ ਵਿਰੋਧੀ ਜਮਾਤਾਂ ਦੀ ਉਮਰ ਲੰਬੀ ਕਰਨ ਵਾਲਾ ਹੁੰਦਾ ਹੈ। ਇਹ ਲੋਕਾਂ ਦੇ ਸਿਰ ਉਪਰ ਗਰੀਬੀ, ਅਗਿਆਨਤਾ, ਫਿਰਕੂ-ਜਨੂੰਨ ਅਤੇ ਹਨੇਰ ਵਿਰਤੀ ਨੂੰ ਤਲਵਾਰ ਦੇ ਜ਼ੋਰ ਮੜ੍ਹਦੇ ਹਨ। ਇਨ੍ਹਾਂ ਦਾ ਖਾਸਾ ਵਿਨਾਸ਼ਕਾਰੀ ਹੁੰਦਾ ਹੈ। ਇਹ ਆਪਣੀ ਸ਼ਕਤੀ ਸਿਰਫ ਪਛੜੇਵੇਂ ਅਤੇ ਜਹਾਲਤ ਵਿਚੋਂ ਹੀ ਪ੍ਰਾਪਤ ਕਰ ਸਕਦੇ ਹਨ। ਅਤਿ ਦੀ ਮੱਕਾਰ ਸਰਮਾਏਦਾਰ ਜਮਾਤ ਇਨ੍ਹਾਂ ਦੇਸ਼ ਧਰੋਹੀ ਸ਼ਕਤੀਆਂ ਦੀ ਪਾਲਣਾ ਅਤੇ ਪੁਸ਼ਤਪਨਾਹੀ ਕਰਦੀ ਹੈ।

ਭਾਰਤ ਦੇ ਪਰਕਰਣ ਵਿਚ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਇਹ ਦੇਸ਼ ਧਰੋਹੀ ਸ਼ਕਤੀਆਂ, ਭਾਰਤ ਦੀਆਂ ਲੁਟੇਰੀਆਂ ਹਾਕਮ ਜਮਾਤਾਂ ਨੂੰ ਕਦੀ ਵੀ ਸਰਮਾਏਦਾਰੀ ਜਾਂ ਜਾਗੀਰੂ ਰੂਪ ਵਿਚ ਆਪਣੇ ਵਿਰੋਧ ਦਾ ਨਿਸ਼ਾਨਾ ਅਤੇ ਨਫਰਤ ਦਾ ਪਾਤਰ ਨਹੀਂ ਬਣਾਉਂਦੀਆਂ, ਸਗੋਂ ਉਨ੍ਹਾਂ ਨੂੰ ਹਿੰਦੂ ਸਾਮਰਾਜ ਜਾਂ ਹਿੰਦੂ ਹਾਕਮਾਂ ਦੇ ਰੂਪ ਵਿਚ ਪੇਸ਼ ਕਰਦੀਆਂ ਹਨ। ਗੋਰਖਾਲੈਂਡੀਆਂ ਨੇ ਇਕ ਛਾਲ ਹੋਰ ਅਗੇ ਮਾਰੀ ਉਨ੍ਹਾਂ ਕੇਂਦਰੀ ਹਾਕਮਾਂ ਨਾਲ ਜੋਟੇ ਪਾ ਕੇ, ਪੱਛਮੀ ਬੰਗਾਲ ਦੀ ਮਾਰਕਸੀ ਕਮਿਊਨਿਸਟ ਪਾਰਟੀ ਦੀ ਅਗਵਾਈ ਵਾਲੀ ਖੱਬੇ ਮੋਰਚੇ ਦੀ ਸਰਕਾਰ ਨੂੰ ਨਿਸ਼ਾਨਾ ਬਣਾਇਆ ਹੈ। ਤ੍ਰਿਪੁਰਾ ਵਿਚ ਵੱਖਵਾਦੀ ਅੰਸ਼ਾਂ ਨੇ ਕਾਂਗਰਸ ਨਾਲ ਏਕਤਾ ਦਾ ਰੂਪ ਧਾਰ ਕੇ, ਫੌਜ ਦੀ ਸਹਾਇਤਾ ਨਾਲ ਮਾਰਕਸੀ ਪਾਰਟੀ ਦੀ ਅਗਵਾਈ ਵਾਲੀ ਖੱਬੇ ਮੋਰਚੇ ਦੀ ਸਰਕਾਰ ਨੂੰ ਵੋਟਾਂ ਵਿਚ ਹੇਰਾਫੇਰੀ ਕਰਕੇ ਤੋੜਿਆ। ਕੇਰਲਾ ਵਿਚ ਹਿੰਦੂ ਅਤੇ ਮੁਸਲਮ ਫਿਰਕੂ ਪਾਰਟੀਆਂ ਕਾਂਗਰਸ ਦੀ ਛਤਰਛਾਇਆ ਹੇਠ ਇਕ ਸਾਂਝੇ ਫਰੰਟ ਵਿਚ ਹਨ। ਪੰਜਾਬ ਵਿਚ ਕਾਂਗਰਸ ਪਾਰਟੀ ਨੇ ਵੱਖਵਾਦੀਆਂ ਨੂੰ ਜਨਮ ਦਿੱਤਾ, ਪਾਲਿਆ ਅਤੇ ਉਨ੍ਹਾਂ ਨਾਲ ਰਾਮ-ਲੀਲ੍ਹਾ ਵਾਂਗ, ਲੀਲ੍ਹਾ ਰਚਾਈ ਹੋਈ ਹੈ। ਇਨ੍ਹਾਂ ਦੇ ਅਤੰਕ ਅਤੇ ਵੱਖਵਾਦ ਦੀ ਦੁਹਾਈ ਪਾ ਕੇ, 1984 ਦੀਆਂ ਚੋਣਾਂ ਜਿੱਤੀਆਂ ਅਤੇ ਹੁਣ ਇਨ੍ਹਾਂ ਦੇ ਖਾਤਮੇ ਲਈ 'ਪ੍ਰਬੰਧਕੀ ਕਦਮਾਂ' ਦੀ ਸਫਲਤਾ ਨਾਲ ਦੁਬਾਰਾ ਅਗਲੀਆਂ ਚੋਣਾਂ ਜਿੱਤਣ ਦੇ ਆਹਰ ਵਿਚ ਹੈ।

ਅੱਜ ਦੇ ਸਮੇਂ ਭਾਰਤ ਦੇ ਦੇਸ਼ ਭਗਤਾਂ ਦਾ ਮਾਰਗ ਬੜਾ ਹੀ ਵਿਖੜਾ ਹੈ। ਉਨ੍ਹਾਂ ਨੂੰ ਇਕੋ ਸਮੇਂ ਕਈ ਵਿਨਾਸ਼ਕਾਰੀ ਅਤੇ ਲੋਕ ਵਿਰੋਧੀ ਸ਼ਕਤੀਆਂ ਨਾਲ ਟੱਕਰ ਲੈਣੀ ਪੈ ਰਹੀ ਹੈ। ਦੇਸ਼ ਭਗਤ ਸ਼ਕਤੀਆਂ ਦਾ ਘੇਰਾ ਮਜ਼ਬੂਤ ਅਤੇ ਵਿਸ਼ਾਲ ਕਰਨਾ ਉਨ੍ਹਾਂ ਲਈ ਇਤਿਹਾਸਕ ਜ਼ਿਮੇਂਵਾਰੀ ਹੈ। ਇਸ ਤਰ੍ਹਾਂ ਹੀ ਦੇਸ਼ ਧਰੋਹੀ।

(ਬਾਕੀ ਪੰਨਾ 31 'ਤੇ)

(ਪੰਨਾ 24 ਦੀ ਬਾਕੀ)

"ਰੂੜੀਵਾਦ ਅਤੇ ਮਤਵਾਦ ਤਾਂ ਦੁਸ਼ਮਣ ਹੈ। ਨਾਅਰੇਬਾਜ਼ੀ ਨੂੰ ਨੰਗਾ ਕਰਨਾ ਹੈ ਅਸੀਂ ਹਰ ਲਹਿਰ ਤੇ ਜਦੋ ਜਹਿਦ ਦੀ ਬੁਨਿਆਦ ਜਮਾਤੀ ਤੱਤ ਤੇ ਹਿਤ ਵੇਖਦੇ ਹਾਂ। ਮਾਰਕਸੀ ਲੈਨਿਨੀ ਸਿਧਾਂਤ ਦੇ ਸਰਬ ਵਿਆਪੀ ਅਸੂਲਾਂ ਨੂੰ ਹਰ ਦੇਸ਼ ਦੀ ਆਪਣੀ ਸਥਿਤੀ, ਇਤਿਹਾਸਕ ਠੋਸ ਹਾਲਾਤ ਦੇ ਅਨੁਸਾਰ ਵੇਖਣਾ ਤੇ ਲਾਉਣਾ ਪਵੇਗਾ। ਲੈਨਿਨ ਦੇ ਅਨੁਸਾਰ "ਅਸੀਂ ਮਾਰਕਸੀ ਸਿਧਾਂਤ ਨੂੰ ਸੰਪੂਰਣ ਅਤੇ ਅਟੁੱਟ ਨਹੀਂ ਸਮਝਦੇ। ਬਲਕਿ ਇਸ ਨੇ ਇਕ ਵਿਗਿਆਨ ਦਾ ਨੀਂਹ ਪੱਥਰ ਰੱਖ ਦਿੱਤਾ ਅਤੇ ਇਸ ਨੇ ਹੋਰ ਦਿਸ਼ਾਵਾਂ ਵਿਚ ਵਧਣਾ ਹੈ — ਇਹ ਰਾਹ ਦਰਸਾਊ ਅਸੂਲ ਹਨ।" ਮਾਰਕਸੀ ਪਾਰਟੀ ਨੇ ਪ੍ਰੋਗਰਾਮ ਵਿਚ ਲਿਖਿਆ, "ਪਾਰਟੀ ਨੂੰ ਪ੍ਰਤੱਖ ਤੌਰ ਤੇ ਤੇਜ਼ੀ ਨਾਲ ਬਦਲਦੀ ਰਾਜਸੀ ਅਵਸਥਾ ਦੀਆਂ ਲੋੜਾਂ ਅਨੁਸਾਰ ਕਈ ਅੰਤਰਮ ਨਾਅਰੇ ਘੜਨੇ ਪੈਣਗੇ —" (ਪੈਰਾ — 112)

ਕਮਿਊਨਿਸਟ ਜਦੋਂ ਵਕਤੀ ਜਾਂ ਇਕ ਮਸਲੇ ਤੇ ਸਾਂਝਾ ਅਮਲ ਕਰਦੇ ਤਾਂ ਇਹ ਭਾਵ ਨਹੀਂ ਕਿ ਉਹ ਵਿਰੋਧੀ ਪਾਰਟੀ ਦੀ ਨੁਕਤਾਚੀਨੀ ਛੱਡਦੇ ਹਨ। ਵੰਡਵਾਦ ਆਦਿ ਵਿਰੁੱਧ ਪਹਿਲੇ ਹਿੱਸੇ ਤੋਂ ਜ਼ਾਹਰ ਹੈ। ਪੰਜਾਬ ਵਿਚ ਜਦੋਂ ਪਾਰਟੀ ਦੀ ਜਲੰਧਰ ਕਾਂਗਰਸ ਵਿਚ ਅਕਾਲੀ ਪਾਰਟੀ ਨੂੰ ਜਮਹੂਰੀ ਆਖਿਆ ਪਰ ਵਿਚਾਰਧਾਰਕ ਲੜਾਈ ਚਾਲੂ ਰੱਖੀ ਅਤੇ ਪਾਰਟੀ ਦੀ ਪੰਜਾਬ ਸ਼ਾਖਾ ਨੇ ਨਕੋਦਰ ਵਿਖੇ ਨਵੰਬਰ 1981 ਦੀ ਰੀਪੋਰਟ ਵਿਚ ਲਿਖਿਆ, "ਅਕਾਲੀ ਪਾਰਟੀ ਨੂੰ ਜਮਹੂਰੀ ਪਾਰਟੀ ਮੰਨਣ ਦਾ ਇਹ ਅਰਥ ਨਹੀਂ ਕਿ ਪਾਰਟੀ ਉਸ ਦੀਆਂ ਫਿਰਕੂ ਸਰਗਰਮੀਆਂ ਤੇ ਫਿਰਕੂ ਵਿਚਾਰਧਾਰਾ ਵਿਰੁੱਧ ਵਿਚਾਰਧਾਰਕ ਘੋਲ ਨਾ ਕਰੇ —" (ਪੰਨਾ - 45)। ਸੋ ਦੇਸ਼, ਜਮਹੂਰੀਅਤ ਅਤੇ ਲੋਕਾਂ ਦੇ ਹਿਤਾਂ ਲਈ ਅਸੀਂ ਕੇਂਦਰੀ ਕਾਂਗਰਸ ਸਰਕਾਰ ਤੇ ਹਾਕਮ ਜਮਾਤ ਵਿਰੁਧ, ਵੰਡਵਾਦ ਤੇ ਵੱਖਵਾਦ ਵਿਰੁਧ ਅਤੇ ਮਜ਼ਦੂਰ ਕਿਸਾਨ ਦੇ ਹੱਕਾਂ ਲਈ ਲੜਾਈ ਇਸ ਜਦੋ ਜਹਿਦ ਦਾ ਹਿੱਸਾ ਹੈ। ਸਾਮਰਾਜੀ ਸਾਜ਼ਸ਼ਾਂ ਵਿਰੁਧ ਅਤੇ ਅਮਨ ਲਈ ਸੰਘਰਸ਼ ਭੀ ਇਸ ਕੜੀ ਦਾ ਹੀ ਹਿੱਸਾ ਹੈ। ਇਹਨਾਂ ਨੂੰ ਖਲਾ ਵਿਚ ਤੇ ਬਿਲਕੁਲ ਅੱਡੋ ਅੱਡ ਕਰਕੇ ਪਰੇ ਨਹੀਂ ਰਖਿਆ ਜਾ ਸਕਦਾ। ਦੇਸ਼ ਨੂੰ ਅਸਥਿਰ ਹੋਣ ਤੋਂ ਤੇ ਸਾਮਰਾਜੀ ਸਾਜ਼ਸ਼ਾਂ ਤੋਂ ਬਚਾਉਣ ਲਈ, ਵੱਖਵਾਦ ਅਤਿਵਾਦ ਵਿਰੁਧ ਲੜਾਈ ਜ਼ਰੂਰੀ ਹੈ। ਪਰ ਇਸ ਲੜਾਈ ਨੂੰ ਸਫਲਤਾ ਨਾਲ ਨਬੇੜਨ ਤੇ ਜਮਹੂਰੀਅਤ ਕਾਇਮ ਰੱਖਣ ਤੇ ਲੋਕ ਹਿਤਾਂ ਲਈ ਕਾਂਗਰਸ ਵਿਰੁਧ ਭੀ ਘੋਲ ਜ਼ਰੂਰੀ ਹੈ ਜਿਵੇਂ ਮਾਰਕਸੀ ਪਾਰਟੀ ਦੀ ਬਾਰਵੀਂ ਕਾਂਗਰਸ ਦੀ ਕਲਕੱਤਾ ਰੀਪੋਰਟ (1985) ਦਸਦੀ ਹੈ "ਕਾਂਗਰਸ (ੲ) ਦਾ ਸੱਤਾ ਵਿਚ ਰਹਿਣਾ ਨਾ ਕੇਵਲ ਜਮਹੂਰੀਅਤ ਨੂੰ ਹੀ ਖਤਰੇ ਵਿਚ ਪਾਉਂਦਾ ਹੈ, ਇਹ ਰਾਸ਼ਟਰੀ ਏਕਤਾ ਨੂੰ ਵੀ ਖਤਰੇ ਵਿਚ ਪਾਉਂਦਾ ਹੈ। ਧਰਮ ਅਤੇ ਜ਼ਾਤੀਵਾਦ ਤੇ ਅਧਾਰਤ ਵੱਖਵਾਦੀ ਤੇ ਹਨੇਰ ਬਿਰਤੀਵਾਦ ਵੰਡਵਾਦੀ ਸ਼ਕਤੀਆਂ ਦੇ ਹਮਲੇ ਅੱਗੇ ਰਾਸ਼ਟਰ ਨੂੰ ਬੇ-ਬਸ ਕਰ ਰਿਹਾ ਹੈ।" (ਪੰਨਾ - 69)। ਸੋ ਵੰਡਵਾਦ ਵਿਰੁਧ ਲੜਾਈ ਤੇ ਕਾਂਗਰਸ ਨੂੰ ਗੱਦੀ ਤੋਂ ਲਾਹੋ।

(ਚਲਦਾ)


**MORTGAGE MONEY?**

High mortgage amounts available on conventional basis
No insurance fees!
Purchasing or re-financing

Bad credit rating?
Turn Down?

**NO PROBLEM**

Residential, Commercial, Motels & Interim financing.
1st & 2nd Mortgages

1 & 2nd Mortgage up to 85-90%

**AFRO-CANADIAN MORTGAGE LTD.**

8 YEARS EXPERIENCE
SHERALI VELJI
Monday to Friday 9.30 to 5.30
Saturday 11-4

**Ph. 433-6391**

Ste. 300-3665 Kingsway Vancouver, B.C
Res: 433-7975







ਦਰਸ਼ਨ ਸਿੰਘ ਉੱਪਲ

**DARSHAN SINGH UPPAL**

14 year experience, specializing in residential Homes, Lands and Farms.

For FREE Market Evaluation Of Your Property or To Buy and sell.

Call :

**Ph. Off. 590-3231**

ਹਰ ਪ੍ਰਕਾਰ ਦੀ ਪ੍ਰਾਪਰਟੀ ਖ਼ਰੀਦਣ

ਜਾਂ

ਵੇਚਣ ਲਈ

ਮਿੱਤਰਤਾ ਭਰੀ, ਈਮਾਨਦਾਰ

ਅਤੇ ਤਜਰਬੇਕਾਰ ਸਲਾਹ ਲਈ

ਦਰਸ਼ਨ ਸਿੰਘ ਉੱਪਲ ਨੂੰ ਮਿਲੋ ਜਾਂ ਫੋਨ ਕਰੋ :

**Res. 594-8758**

L/R LAKEVIEW REALTY LTD. DELTA 590-3231

7909 SCOTT RD., DELTA, B.C. V4C 6P6



To protect your family, your mortgage, or to ensure your childrens' education, for an RRSP or an annuity, contact:

**AVTAR S. RANDHAWA**

B.A., B.T.



AVTAR S. RANDHAWA

Metropolitan Insurance Companies

AVTAR S. RANDHAWA
687-5871 (office) or 325-3562 (Residence)
700-1176 W. GEORGIA ST. VANCOUVER.




## ਅਮਿਤਾਭ ਜਿਉਂ ਦਾ ਤਿਉਂ

ਰਾਜਨੀਤੀ 'ਚੋਂ ਬਦਨਾਮੀ ਖੱਟਣ ਉਪਰੰਤ ਅਮਿਤਾਭ ਬਚਨ ਬਾਰੇ ਆਮ ਕਿਹਾ ਜਾਣ ਲੱਗ ਪਿਆ ਹੈ ਕਿ ਉਹ "ਨਾ ਅਭਿਨੇਤਾ ਰਿਹਾ ਤੇ ਨਾ ਨੇਤਾ।' ਫਿਰ ਜਦੋਂ "ਸ਼ਹਿਨਸ਼ਾਹ" ਫਿਲਮ ਲੰਮੇ ਵਾਦ-ਵਿਵਾਦ 'ਚ ਫਸ ਗਈ ਤਾਂ ਲਗਦਾ ਸੀ ਕਿ ਉਹਦਾ ਫਿਲਮੀ ਕੈਰੀਅਰ ਚੌਪਟ ਹੋਇਆ ਕਿ ਹੋਇਆ। ਫਿਲਮ ਇਡਸਟਰੀ 'ਚ ਉਹਦੀ ਹਵਾ ਏਨੀ ਖਰਾਬ ਹੋ ਗਈ ਸੀ ਕਿ ਨਵੀਆਂ ਫਿਲਮਾਂ ਉਹਨੂੰ ਮਿਲਣ ਤੋਂ ਕੁਝ ਦੇਰ ਰੁਕੀਆਂ ਰਹੀਆਂ ਅਤੇ ਜਿਨ੍ਹਾਂ ਨੇ ਪਹਿਲਾਂ ਸਾਈਨ ਕੀਤਾ ਹੋਇਆ ਸੀ, ਉਹ ਸਭ ਫਿਲਮਕਾਰ ਦੁਚਿਤੀ ਜਿਹੀ 'ਚ ਪੈ ਗਏ। ਘੈਂਸ ਘੈਂਸ 'ਚ ਅਖੀਰ 'ਸ਼ਹਿਨਸ਼ਾਹ' ਰਿਲੀਜ਼ ਹੋ ਗਈ। ਇਸ ਫਿਲਮ ਬਾਰੇ ਵੀ ਦੋ ਰਾਵਾਂ ਸਨ ਤੇ ਬਹੁਤਿਆਂ ਦਾ ਆਖਣਾ ਸੀ ਕਿ ਫਿਲਮ ਬਕਵਾਸ ਹੈ।

ਪਰ ਹੁਣ ਟਿਕਟ ਖਿੜਕੀ ਦੇ ਅੰਕੜਿਆਂ ਅਨੁਸਾਰ 'ਸ਼ਹਿਨਸ਼ਾਹ' ਫਿਲਮ ਨੂੰ ਕਾਫੀ ਜ਼ਿਆਦਾ ਕਮਾਈ ਕਰਨ ਵਾਲੀ ਫਿਲਮ ਕਰਾਰ ਦਿੱਤਾ ਗਿਆ। ਇਥੋਂ ਤੱਕ ਕਿ 'ਨਗੀਨਾ' ਤੇ 'ਮਿਸਟਰ ਇੰਡੀਆ' ਵਾਂਗ 'ਸ਼ਹਿਨਸ਼ਾਹ' ਫਿਲਮ ਦੀਆਂ ਵੀਡੀਓ-ਕਾਪੀਆਂ ਆਮ ਤੋਂ ਕਿਤੇ ਵੱਧ ਵਿਕੀਆਂ, ਉਮੀਦ ਤੋਂ ਕਿਤੇ ਜ਼ਿਆਦਾ ਕਿਰਾਏ ਉਪਰ ਗਈਆਂ।

ਗੁਣਾਤਮਕ ਪੱਖੋਂ ਜਾਂ ਸੁਚੱਜੀ, ਸੰਘਣੀ ਭਾਵੇਂ 'ਸ਼ਹਿਨਸ਼ਾਹ' ਫਿਲਮ ਨਾ ਸਹੀ ਪਰ ਅਮਿਤਾਭ ਦੀਆਂ ਪਹਿਲੀਆਂ ਸਫਲ ਫਿਲਮਾਂ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਰਹੀ। ਸਿੱਟੇ ਵਜੋਂ ਅਮਿਤਾਭ ਬਚਨ ਦੀ ਲਹਿਰ ਫਿਰ ਜ਼ੋਰ ਫੜ ਗਈ ਹੈ ਇਕ ਗੱਲ ਹੋਰ ਵੀ ਹੈਰਾਨੀਜਨਕ ਹੋਈ ਹੈ ਕਿ ਪਿਛਲੇ ਮਹੀਨਿਆਂ ਦੌਰਾਨ ਅਮਿਤਾਭ ਦੀਆਂ ਪੁਰਾਣੀਆਂ ਫਿਲਮਾਂ 'ਦੋਸਤਾਨਾ', 'ਲਾਵਾਰਿਸ' ਤੇ 'ਮੁਕੱਦਰ ਕਾ ਸਿਕੰਦਰ' ਆਦਿ ਨੂੰ ਜਿਸ ਕਿਸੇ ਟੈਰੇਟਰੀ 'ਚ ਵੀ ਮੁੜ ਲਗਾਇਆ ਗਿਆ ਇਨ੍ਹਾਂ ਫਿਲਮਾਂ ਨੇ ਦੂਜੇ ਐਕਟਰਾਂ ਦੀਆਂ ਨਵੀਆਂ ਫਿਲਮਾਂ ਦੇ ਲਗਭਗ ਬਰਾਬਰ ਦਾ ਬਿਜ਼ਨਿਸ ਕਰ ਵਿਖਾਇਆ।

ਸੋ ਅਮਿਤਾਭ ਬਾਰੇ ਜੋ ਲਗਦਾ ਸੀ ਕਿ ਆਪਣੀ ਪ੍ਰਤੀ ਫਿਲਮ ਕੀਮਤ ਘਟਾਏਗਾ। ਉਹ ਅੜਿਆ ਖੜ੍ਹਾ ਹੈ। ਉਹ ਇਕ ਫਿਲਮ ਵਿਚ ਕੰਮ ਕਰਨ ਬਦਲੇ ਜਾਂ ਤਾਂ 75 ਤੋਂ 85 ਲੱਖ ਰੁਪਏ ਲੈਂਦਾ ਹੈ ਤੇ ਜਾਂ ਫਿਰ ਇਕ 'ਫਿਲਮ ਟੈਰੇਟਰੀ' ਦੀ ਕਮਾਈ ਆਪਣੇ ਖਾਤੇ ਵਿਚ ਪੁਆ ਲੈਂਦਾ ਹੈ। 'ਗੰਗਾ ਜਮੁਨਾ ਸਰਸਵਤੀ', 'ਅਗਨੀਪਥ', 'ਜਾਦੂਗਰ', 'ਸਾਧੂ ਸੰਤ', 'ਅਕੇਲਾ' ਆਦਿ ਇਕ ਦਰਜਨ ਨਿਰਮਾਣ-ਫਿਲਮਾਂ ਵਿਚ ਅਮਿਤਾਭ ਕੰਮ ਕਰ ਰਿਹਾ ਹੈ। ਸਮੁੱਚਤਾ ਵਿਚ ਅਜੇ ਅਮਿਤਾਭ ਨੂੰ ਹੀ 'ਨੰਬਰ-ਵਨ' ਅਭਿਨੇਤਾ ਮੰਨਿਆ ਜਾ ਰਿਹਾ ਹੈ।



## 'ਗੁਸੈਲ ਮੁਟਿਆਰ' — ਡਿੰਪਲ



ਡਿੰਪਲ ਕਪਾਡੀਆ

ਜਦੋਂ ਕਿਸੇ ਕਲਾਕਾਰ ਨੂੰ ਕਿਸੇ ਖਾਸ ਕਿਸਮ ਦੇ ਰੋਲ ਵਿਚ ਲੋਕਾਂ ਵਲੋਂ ਪਸੰਦ ਕਰ ਲਿਆ ਜਾਵੇ ਤਾਂ ਕੀ ਹੁੰਦਾ ਹੈ ਕਿ ਅਗੋਂ ਤੋਂ ਫਿਲਮਕਾਰ ਉਸ ਕਲਾਕਾਰ ਨੂੰ ਉਸੇ ਹੀ ਤਰ੍ਹਾਂ ਦੇ ਰੋਲ ਦੇਣ ਦੀ ਪੇਸ਼ਕਸ਼ ਕਰਨ ਲੱਗ ਪੈਂਦੇ ਹਨ। ਇਕੋ ਤਰ੍ਹਾਂ ਦੀਆਂ ਭੂਮਿਕਾਵਾਂ ਕਰਨੀਆਂ ਉਸ ਦੀ ਮਜ਼ਬੂਰੀ ਬਣ ਜਾਂਦੀ ਹੈ।

ਤਾਜ਼ਾ ਮਿਸਾਲ ਅਭਿਨੇਤਰੀ ਡਿੰਪਲ ਕਪਾਡੀਆ ਦੀ ਹੈ। 'ਗੁਸੈਲ ਮੁਟਿਆਰ' ਅਰਥਾਤ 'ਐਂਗਰੀ ਯੰਗ ਵੂਮੈਨ' ਦੀ ਚੇਪੀ ਡਿੰਪਲ ਦੇ ਮੱਥੇ ਉਤੇ ਚਿਪਕ ਗਈ ਹੈ। ਰਿਲੀਜ਼ ਹੋਈਆਂ ਫਿਲਮਾਂ ਵਿਚੋਂ ਸਿਰਫ ਇਕ ਫਿਲਮ 'ਚ ਹੀ ਉਸ ਨੇ ਇਸ ਕਿਸਮ ਦਾ ਰੋਲ ਨਿਭਾਇਆ ਪਰ ਹੋਰ ਕਈ ਫਿਲਮਾਂ 'ਚ ਵੀ ਉਨੀ-ਇੱਕੀ ਦੇ ਫਰਕ ਨਾਲ ਉਹਨੂੰ ਇਸੇ ਤਰ੍ਹਾਂ ਦਾ ਰੋਲ ਕਰਨਾ ਪੈ ਰਿਹਾ ਹੈ। ਚਿਰਾਗ ਇੰਟਰਨੈਸ਼ਨਲ ਬੈਨਰ ਹੇਠਲੀ ਫਿਲਮ 'ਗੁਨਾਹੋਂ ਕਾ ਫੈਸਲਾ' ਵਿਚ ਡਾਇਰੈਕਟਰ ਸ਼ਿਬੂ ਮਿਤਰਾ ਡਿੰਪਲ ਤੋਂ ਡਾਕੂ ਦਾ ਰੋਲ ਕਰਵਾ ਰਿਹਾ ਹੈ। ਫਿਲਮ 'ਚ ਡਿੰਪਲ ਸਾਦਾ ਭੋਲੀ ਭਾਲੀ ਪੇਂਡੂ ਲੜਕੀ ਹੈ ਜੋ ਮਰਦਾਂ ਦੇ ਪਸ਼ੂਪਣ ਕਾਰਨ ਸਤਾਈ ਹੋਈ ਡਾਕੂ ਬਣ ਜਾਂਦੀ ਹੈ। ਉਹਦਾ ਪਿਆਰ ਚੰਕੀ ਪਾਂਡੇ ਨਾਲ ਦਿਖਾਇਆ ਹੈ ਤੇ ਦੂਜੇ ਪਾਸੇ ਸ਼ਤਰੂਘਨ ਸਿਨਹਾ ਉਹਦਾ ਆਸ਼ਕ ਬਣਦਾ ਹੈ। ਫਿਲਮਕਾਰ ਅਵਤਾਰ ਭੋਗਲ ਦੀ 'ਜ਼ਖਮੀ ਔਰਤ' ਜਿਵੇਂ ਕਿ ਸਿਰਲੇਖ ਤੋਂ ਹੀ ਸਪਸ਼ਟ ਹੈ, ਫਿਰ ਡਿੰਪਲ ਨਾਲ ਜਦੋਂ ਜ਼ਿਆਦਤੀ ਕਰ ਦਿੱਤੀ ਜਾਂਦੀ ਹੈ ਤਾਂ ਉਹ ਬਦਲਾ ਲੈਣ ਲਈ ਹਥਿਆਰ ਚੁੱਕ ਲੈਂਦੀ ਹੈ। ਫਿਲਮਕਾਰ ਰਾਜ ਸਿਪੀ ਦੀ ਫਿਲਮ 'ਕਾਲੀ ਗੰਗਾ' ਵਿਚ ਡਿੰਪਲ ਕਪਾਡੀਆ ਨੂੰ ਫੇਰ ਇਕ ਵਾਰ ਡਾਕੂ ਬਣੀ ਹੋਈ ਦੇਖਿਆ ਜਾ ਸਕੇਗਾ। ਬੀ. ਲਛਮਣ ਦੀ 'ਮੇਰਾ ਸ਼ਿਕਾਰ' ਫਿਲਮ ਵਿਚ ਉਹ ਇਕ-ਇਕ ਕਰਕੇ ਸਭ ਬਦਮਾਸ਼ਾਂ ਨੂੰ ਮਾਰ ਮੁਕਾਉਂਦੀ ਦਿਖਾਈ ਦੇਵੇਗੀ ਜਿਨ੍ਹਾਂ ਨੇ ਉਹਦੀ ਇਜ਼ਤ ਨੂੰ ਮਿੱਟੀ ਵਿਚ ਰੋਲਿਆ ਸੀ।

## ਜਯਾ ਪ੍ਰਦਾ ਨੇ ਗਲੈਮਰ ਅਪਨਾਇਆ



'ਸੌਤਨ ਕੀ ਬੇਟੀ' ਫਿਲਮ ਦੇ ਸੈੱਟ ਤੇ ਜਯਾ ਪ੍ਰਦਾ ਤੇ ਰੇਖਾ

ਜਯਾ ਪ੍ਰਦਾ ਦਾ ਕਲ੍ਹ ਤੱਕ ਇਹੋ ਸਟੈਂਡ ਸੀ ਕਿ ਉਹ ਗਲੈਮਰ ਰੋਲ ਕਦੇ ਨਹੀਂ ਕਰੇਗੀ ਜਾਣੀ ਕਿ ਫਿਲਮੀ ਪਰਦੇ ਉਪਰ ਉਹ ਅੰਗ ਪ੍ਰਦਰਸ਼ਨ ਦੇ ਹੱਕ ਵਿਚ ਨਹੀਂ ਸੀ। ਹੇਮਾ ਮਾਲਿਨੀ ਵਾਂਗ ਉਹ ਭਾਰਤੀ ਸਭਿਅਤਾ, ਸਭਿਆਚਾਰ ਦੀ ਹੱਦਬੰਦੀ 'ਚ ਰਹਿ ਕੇ ਹੀ ਵੱਖ ਵੱਖ ਕਿਸਮ ਦੇ ਰੋਲ ਕਰਨ ਦਾ ਦ੍ਰਿੜ ਸੰਕਲਪ ਰੱਖਦੀ ਸੀ। ਹੇਮਾ ਦਾ ਤਾਂ ਇਹ ਸਟੈਂਡ ਕਾਇਮ ਰਿਹਾ ਤੇ ਉਹਨੇ ਦਹਾਕਿਆਂ ਬੱਧੀ ਜਿੰਨੀਆਂ ਵੀ ਫਿਲਮਾਂ ਕੀਤੀਆਂ, ਕਦੇ ਵੀ ਖੁੱਲ੍ਹਮ-ਖੁੱਲ੍ਹਾ ਅੰਗ ਪ੍ਰਦਰਸ਼ਨ ਨਹੀਂ ਕੀਤਾ। ਪਰ ਹੁਣ ਜਯਾ ਪ੍ਰਦਾ ਆਪਣੇ ਇਸ ਸਟੈਂਡ ਤੋਂ ਉਖੜ ਗਈ ਹੈ। ਜੇਕਰ ਬਹੁਤੀਆਂ ਨਹੀਂ ਤਾਂ ਘੱਟੋ ਘੱਟ ਤਿੰਨ ਫਿਲਮਾਂ ਐਸੀਆਂ ਰਹੀਆਂ ਹਨ ਜਿਨ੍ਹਾਂ ਵਿਚ ਜਯਾ ਪ੍ਰਦਾ ਦੇ 'ਖੁੱਲ੍ਹੇ ਦ੍ਰਿਸ਼' ਵੀ ਹੋਣਗੇ। ਇਹ ਫਿਲਮਾਂ ਹਨ : 'ਪਾਪੀ ਦੇਵਤਾ', 'ਬੌਸ' ਤੇ 'ਐਲਾਨੇ ਜੰਗ'।

ਇਸ ਦੇ ਪਿਛੇ ਕੀ ਮਾਨਸਿਕਤਾ ਕੰਮ ਕਰਦੀ ਹੈ, ਸਾਫ ਸਮਝ ਆਉਂਦੀ ਹੈ। ਜਯਾ ਪ੍ਰਦਾ ਦਾ ਕਿਸੇ ਸਮੇਂ ਸਿਰੀ ਦੇਵੀ ਨਾਲ ਬਰਾਬਰ ਦਾ ਟਾਕਰਾ ਕੀਤਾ ਜਾਂਦਾ ਸੀ। ਨ੍ਰਿਤ ਦੇ ਮਾਮਲੇ 'ਚ ਦੋਵੇਂ ਇਕੋ ਜਿਹੀਆਂ ਨਿਪੁੰਨ ਸਮਝੀਆਂ ਜਾਂਦੀਆਂ ਨੇ ਸੁਹੱਪਣ ਪੱਖੋਂ ਸਗੋਂ ਜਯਾ ਪ੍ਰਦਾ ਨੂੰ ਸਿਰੀ ਦੇਵੀ ਨਾਲੋਂ ਕਿਤੇ ਬਿਹਤਰ ਆਖਿਆ ਜਾਂਦਾ ਹੈ। ਐਕਟਿੰਗ ਦੇ ਲਿਹਾਜ਼ ਨਾਲ ਵੀ ਉਨ੍ਹਾਂ ਦੋਹਾਂ ਨੂੰ ਇਕੋ ਪੱਧਰ ਦੀਆਂ ਅਭਿਨੇਤਰੀਆਂ ਕਰਾਰ ਦਿੱਤਾ ਜਾਂਦਾ ਹੈ। ਫਿਰ ਫਰਕ ਕਿਥੇ ਹੈ ਕਿ ਅੱਜ ਚਾਰੇ ਪਾਸੇ ਸਿਰੀ ਦੇਵੀ ਦੀ ਧੁੰਮ ਹੈ ਤੇ ਉਹ ਦੀ ਮਾਰਕੀਟ ਵੀ ਬਹੁਤ ਉਚੀ ਹੈ ਜਦ ਕਿ ਜਯਾ ਪ੍ਰਦਾ ਦੀ ਉਤਨੀ 'ਸਟਾਰ ਵੈਲਿਊ' ਨਹੀਂ। ਜਯਾ ਪ੍ਰਦਾ ਨੂੰ ਇਕੋ ਇਕ ਕਾਰਨ ਇਹੋ ਜਾਪਦਾ ਹੈ ਕਿ ਸਿਰੀ ਦੇਵੀ ਅੰਗ-ਪ੍ਰਦਰਸ਼ਨ ਦੇ ਸਿਰ 'ਤੇ ਉਹਦੇ ਨਾਲੋਂ ਅੱਗੇ ਨਿਕਲ ਗਈ। ਇਸੇ ਤਰ੍ਹਾਂ ਮੀਨਾਕਸ਼ੀ ਸ਼ੇਸ਼ਾਧਰੀ ਸੁਥਰੇ ਰੋਲਾਂ ਦੇ ਨਾਲ ਨਾਲ ਅਤਿ ਗਲੈਮਰ ਭਰਪੂਰ ਰੋਲ ਵੀ ਕਰਨ ਲੱਗ ਗਈ ਹੈ। ਇਸ ਮਾਮਲੇ 'ਚ ਡਿੰਪਲ ਕਪਾਡੀਆ ਦੀ ਤਾਂ ਖੈਰ ਕੋਈ 'ਰੀਸ' ਹੀ ਨਹੀਂ। ਹਰ ਫਿਲਮ 'ਚ ਡਿੰਪਲ ਦੀ ਫਿਗਰ ਨੂੰ ਕੈਮਰੇ ਦੇ ਵੱਖ ਵੱਖ ਕੋਣਾਂ ਤੋਂ ਫਿਲਮਕਾਰ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ।

ਇਸ ਤਰ੍ਹਾਂ ਦੀ ਹਨੇਰੀ ਵਗ ਜਾਣ ਕਾਰਨ ਜਯਾ ਪ੍ਰਦਾ ਨੂੰ ਮਹਿਸੂਸ ਹੋਣ ਲਗ ਪਿਆ ਕਿ ਉਹ ਸਿਰੀ ਦੇਵੀ ਤੋਂ ਤਾਂ ਪਛੜ ਹੀ ਗਈ ਹੈ ਕਿਤੇ ਇਹ ਨਾ ਹੋਵੇ ਕਿ ਡਿੰਪਲ ਮੀਨਾਕਸ਼ੀ ਵਾਂਗ ਹੋਰ ਨਵੀਆਂ ਅਭਿਨੇਤਰੀਆਂ ਵੀ ਉਹਨੂੰ ਪਿਛਾਂਹ ਸੁੱਟਦੀਆਂ ਹੋਈਆਂ ਅੱਗੇ ਤੋਂ ਅਗੇ ਲੰਘਦੀਆਂ ਜਾਣ। ਤੇ ਹੁਣ ਜਯਾ ਪ੍ਰਦਾ ਨੇ ਆਪਣੇ ਬਦਲੇ ਹੋਏ ਸਟੈਂਡ ਨੂੰ ਸਹੀ ਸਿਧ ਕਰਨ ਲਈ ਕਹਿਣਾ ਸ਼ੁਰੂ ਕਰ ਦਿੱਤਾ ਹੈ, "ਹਰ ਅਭਿਨੇਤਰੀ ਨੂੰ ਹਰ ਤਰ੍ਹਾਂ ਦਾ ਰੋਲ ਕਰ ਕੇ ਵੇਖਣਾ ਚਾਹੀਦਾ ਹੈ, ਇਕੋ ਥਾਂ ਖੜੋਤੇ ਰਹਿਣਾ ਕਲਾਕਾਰ ਦਾ ਕੰਮ ਨਹੀਂ।"



# GILL AUTO SALES




7762 - Edmonds St., Burnaby, B.C.

DLR #8220

OPEN MON.—FRI. 9 AM-8 PM — SAT. 9 AM-6 PM — SUN. 10 AM-4 PM

## ਕਾਰਾਂ ਉਤੇ ਸਪੈਸ਼ਲ ਸੇਲ

**ਸਾਡੇ ਕੋਲ ਹਰ ਮਾਡਲ ਦੀਆਂ ਕਾਰਾਂ ਹਨ — ਦੇਖਣ ਲਈ ਅੱਜ ਹੀ ਪੁੱਜੋ — ਵਾਜਬ ਕੀਮਤਾਂ**

# GILL VANS




## Conversions & Accessories

| | |
|---|---|
| Bench Seats installed from | $300 |
| Captain Chairs with swivel bases, custom made from | pr. $390 |
| Sofa bed Deluxe from | $475 |
| Bay Windows installed from | $99 |
| Complete Van Interior from | $725 |
| Raised Roof installed from | $850 |
| Used Factory Seats with bases from | pr. $90 |

■ Accessories ■ Service ■ Installations ■ Auto Upholstery

**CALL 522-2122 COLLECT**